# 'ਦੇਸ ਪੰਜਾਬ' ਦੀ ਪ੍ਰਕਾਸ਼ਨਾਂ ਇਕ ਪਾਠਕ ਦੀ ਨਜ਼ਰੀਂ

ਸੰਨ 2002 ਦੀ ਗੱਲ ਹੈ। ਇਥੇ ਜਰਮਨੀ ਵਸਦੇ ਮੇਲ ਮਿਲਾਪ ਵਾਲੇ ਦੋ ਵੀਰਾਂ ਵਲੋਂ ਫੋਨ ਉਤੇ ਇਕ ਹੀ ਵਿਸ਼ੇ ਤੇ ਗੱਲ ਕੀਤੀ ਗਈ ਅਤੇ ਇਹ ਵਿਸ਼ਾ ਸੀ ਕਿ ਆਪਣੇ ਗੁਰੂ ਦੀ ਧਰਤ ਤੋਂ ਇਕ ਮਾਸਿਕ ਪੇਪਰ 'ਦੇਸ ਪੰਜਾਬ' ਛਪਦਾ ਹੈ ਜੋ ਨਿਰਸਵਾਰਥ, ਅਡੋਲ ਅਤੇ ਨਿਰਭੈਅ ਪੰਥ ਦੇ ਹੱਕਾਂ ਦੀ ਗੱਲ ਕਰਦਾ ਹੈ ਜੋ ਤੁਹਾਨੂੰ ਹਰ ਮਹੀਨੇ ਪੁੱਜਦਾ ਕਰਨ ਲਈ ਲਗਵਾਣਾਂ ਹੈ।

ਆਪਣੇ ਪਿਆਰੇ ਅਤੇ ਸਤਿਕਾਰੇ 'ਦੇਸ ਪੰਜਾਬ' ਨੂੰ ਪੜ੍ਹ ਸਕਣ ਲਈ ਗੁਰੂ ਆਸਰੇ ਸਬੱਬ ਬਣੇ ਇਨਾਂ ਵੀਰਾਂ ਦਾ ਦਾਸ ਜਿਥੇ ਅਤੀ ਧੰਨਵਾਦੀ ਹੈ ਉਥੇ 'ਦੇਸ ਪੰਜਾਬ' ਨੂੰ ਕੱਢਣ ਦੀ ਘਾਲਣਾਂ ਕਰਨ ਵਾਲੇ ਪ੍ਰਬੰਧਕ ਗੁਰਸਿਖ ਵੀਰਾਂ ਦਾ ਅਤੀ ਧੰਨਵਾਦੀ ਹੈ ਅਤੇ ਸਤਿਕਾਰ ਵਜੋਂ ਸਿਰ ਨਿਵਾਂਦਾ ਹੈ ਜਿਨਾਂ ਨੇ ਸਚਮੁੱਚ ਹੀ 'ਦੇਸ ਪੰਜਾਬ' ਦੀ ਪ੍ਰਕਾਸਨਾਂ ਦੁਆਰਾ ਨਿਰਸਵਾਰਥ, ਅਡੋਲ ਅਤੇ ਨਿਰਭੈਅ ਪੰਥ ਦੇ ਹੱਕਾਂ ਲਈ ਸੱਚ ਤੇ ਪਹਿਰਾ ਸ਼ੁਰੂ ਕੀਤਾ ਹੋਇਆ ਹੈ।

'ਦੇਸ ਪੰਜਾਬ' ਦੀ ਉਹ ਸਰਬ ਉਤਮ ਵਿਸ਼ੇਸ਼ਤਾ, ਉਹ ਗੁਰਮਿਤ ਗੁਣ ਜਿਸ ਕਰਕੇ ਇਸ ਨੂੰ ਪ੍ਰਕਾਸ਼ਤ ਕਰਨ ਵਾਲੇ ਗੁਰਸਿਖ ਵੀਰਾਂ ਅੱਗੇ ਸਤਿਕਾਰ ਵਜੋਂ ਸਿਰ ਨਿਵਾਇਆ ਹੈ: ਸੱਚ ਉਤੇ ਪਹਿਰਾ ਉਹ ਇਨਸਾਨ, ਉਹ ਗੁਰਸਿਖ ਹੀ ਦੇ ਰਹੇ ਹੋ ਸਕਦੇ ਨੇ ਜਿਨਾਂ ਨੇ ਪਹਿਲੋਂ ਖੁਦ ਗੁਰਬਾਣੀ ਵਿਚ ਦਰਜ ਇਸ ਪਵਿਤ੍ਰ ਨਿਜਮ ਨੂੰ ਪੂਰਣ ਰੂਪ ਵਿਚ ਅਪਣਾਕੇ, ਆਪਣੇ ਆਪਨੂੰ ਨਿਰਸਵਾਰਥ, ਨਿਰਪੱਖ ਅਤੇ ਨਿਰਭੈਅ ਕਰ ਲਿਆ ਹੋਵੇ: ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥ ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥ ਸ੍ਰੀ ਗੁਰੂ ਗ੍ਰੰਥ ਸਾਹਿਬ

'ਦੇਸ ਪੰਜਾਬ' ਨੂੰ ਕੱਢਣ ਦੀ ਘਾਲਣਾਂ ਕਰਨ ਵਾਲੇ ਪ੍ਰਬੰਧਕ ਗੁਰਸਿਖ ਵੀਰਾਂ ਵੱਲੋ ਇਸ ਗੁਰਮਿਤ ਗੁਣ ਦੇ ਧਾਰਨੀ ਹੋਣ ਕਰਕੇ ਹੀ 'ਦੇਸ ਪੰਜਾਬ' ਦੀ ਪ੍ਰਕਾਸ਼ਨਾ ਵਪਾਰ ਨਹੀਂ ਸਗੋਂ ਪ੍ਰਚਾਰ ਦਾ ਸਾਧਨ ਬਣੀ ਅਤੇ ਬਣੀ ਵੀ ਬਿਨਾਂ ਮਸ਼ਹੂਰੀ ਦੇ ਇਸ਼ਤਿਹਾਰਾਂ ਦੇ ਸਹਾਰੇ ਅਤੇ ਲੱਗੀ ਕੀਮਤ ਤੋਂ ਵੀ ਕਿਤੇ ਥੱਲੇ ਆਮ ਕਿਰਤੀ ਲੋਕਾਂ ਤੱਕ ਇਸ ਦੀ ਕਾਪੀ ਪੁਹੰਚੀ, ਜੋ ਇਨਸਾਨ ਦੇ ਗਿਆਨ ਭੰਡਾਰ ਵਿਚ ਵਿਸ਼ਾਲ ਵਾਧਾ ਕਰਨ ਅਤੇ ਚੇਤਨਾਂ ਵਿਚ ਮਹਾਨ ਜਾਗਰਤੀ ਲਿਆਉਣ ਲਈ ਸਬੱਬ ਬਣੀ।

ਨਾ ਕਿਸੇ ਦਾ ਹੱਕ ਮਾਰਨਾ, ਨਾ ਆਪਣਾਂ ਹੱਕ ਮਾਰਨ ਹੀ ਦੇਣਾਂ, ਨਾ ਜੁਲਮ ਅਨਿਆ ਕਰਨਾਂ, ਨਾ ਜੁਲਮ ਅਨਿਆ ਕਰਨ ਵਾਲਿਆਂ ਦੇ ਭਾਈਵਾਲ ਹੋਣਾਂ ਸਗੋਂ ਜੁਲਮ ਅਨਿਆ ਦਾ ਸ਼ਿਕਾਰ ਮਜ਼ਲੂਮ, ਨਿਮਾਣੇ, ਨਿਤਾਣੇ, ਨਿਰਧਨ ਦੇ ਹੱਕਾਂ ਦੀ ਮੰਗ ਕਰਦੇ ਰਹਿਣਾਂ ਅਤੇ ਇਵੇਂ ਸਰਬੱਤ ਦੇ ਭਲੇ ਦਾ ਸੰਸਾਰ ਸਿਰਜ ਸਕਣ ਦੀ ਕਲਪਨਾਂ ਨੂੰ , ਆਸ ਨੂੰ ਲੈਕੇ ਤੁਰੇ ਵਿਦਵਾਨਾਂ ਵਲੋਂ, ਸਿਖ ਆਗੂਆਂ ਵਲੋਂ ਅਤੇ 'ਦੇਸ ਪੰਜਾਬ' ਦੇ ਪ੍ਰਬੰਧਕ ਗੁਰਸਿਖ ਵੀਰਾਂ ਵੱਲੋ ਆਪਣੀਆਂ ਰਚਨਾਵਾਂ ਨਾਲ ਭਾਰਤ ਦੇ, ਮੰਨੂਵਾਦੀ ਦੇ, ਪੰਜਾਬ ਦੇ ਅਤੇ ਸਿਖ ਕੌਮ ਦੇ ਇਤਿਹਾਸ ਨੂੰ ਮੁੜ ਲਿਖਿਆ ਹੈ ਅਤੇ ਇਨਾਂ ਤੱਥਾਂ ਦੇ ਸੱਚ ਨੂੰ ਉਜਾਗਰ ਕੀਤਾ ਹੈ ਕਿ ਮੱਧ ਏਸ਼ੀਆ ਵਿਚ ਆ ਵਸੇ ਆਰੀਅਨਾਂ ਦੇ ਸ਼ਰਾਬ ਅਤੇ ਮਾਸ ਦੇ ਰਸੀਏ ਹੈਵਾਨ ਬਿਰਤੀ ਵਾਲੇ ਇਕ ਧੜੇ ਵਲੋਂ ਜਦ ਆਪਣੇ ਆਪਨੂੰ ਪੂਰਨ ਰੂਪ ਵਿਚ ਬਦੀ ਦੇ ਪ੍ਰਤੀਕ ਕਰ ਲਿਆ ਗਿਆ ਤਾਂ ਇਹ ਨਾ ਬਦਲਿਆ ਜਾ ਸਕਣ ਵਾਲਾ ਟੋਲਾ ਜਾਣਦਿਆਂ ਆਪਣੇ ਹੀ ਗੁਰੂ ਯਰਥਸ਼ਟਰ ਵੱਲੋਂ ਦੁਰਕਾਰਿਆ ਗਿਆ ਅਤੇ ਆਰੀਅਨ ਵੰਸ਼ ਵਿਚੋਂ ਹੀ ਛੇਕ ਦਿੱਤਾ ਗਿਆ ਤਾਂ ਇਸ ਬਦੀ ਦੇ ਹੀ ਪ੍ਰਤੀਕ ਆਰੀਅਨ ਧੜੇ ਦਾ ਮੱਧ ਏਸ਼ੀਆ ਵਿਚ ਰਹਿਣਾਂ ਅਸੰਭਵ ਹੋ ਗਿਆ। ਇਸ ਵੱਲੋਂ ਧਾੜਵੀ ਦੇ ਰੂਪ ਵਿਚ ਮਜੂਦਾ ਭਾਰਤ ਦੀ ਧਰਤ ਵਿਚ ਪ੍ਰਵੇਸ਼ ਕੀਤਾ। ਲੁਟਮਾਰ ਦਾ ਆਪਣਾਂ ਜੁਰਾਇਮ ਕਿੱਤਾ ਜਾਰੀ ਰੱਖਦਿਆਂ ਇਥੇ ਵਸਦੇ ਅਮਨ ਅਤੇ ਇਨਸਾਫ ਪਸੰਦ ਇਨਸਾਨ ਨੂੰ, ਉਸ ਦੀ ਸੱਭਿਅਤਾ ਨੂੰ ਜਬਰ ਜ਼ੁਲਮ ਦੀ ਇੰਤਹਾ ਨਾਲ ਖਤਮ ਕੀਤਾ, ਆਪਣੇ ਗੁਲਾਮ ਕੀਤਾ ਅਤੇ ਅੰਤ ਮੰਨੂੰ ਸਿਮ੍ਰਤੀ ਸਿਸਟਮ ਦੀ ਕਾਢ ਨੂੰ ਧਰਮ ਦਾ ਨਾਮ ਦੇਕੇ, ਧਰਮ ਦੇ ਨਾਮ ਉਤੇ ਉਚ ਨੀਚ ਦੀ ਘਿਨਾਉਣੀ ਅਪਾਰਥਾਇਡ ਕਾਇਮ ਕਰੀ ਬੈਠੇ ਹਨ।

ਇਹ ਹੀ ਹਨ ਬਦੀ ਦੇ ਪ੍ਰਤੀਕ ਧਾੜਵੀ, ਭਾਰਤ ਦੇ ਅਸਲ ਬਸ਼ਿੰਦਿਆਂ ਨੂੰ ਚੌਥੇ ਦਰਜੇ ਦੇ ਨੀਚ ਸ਼ੁਦਰ ਕਰਾਰ ਦੇਕੇ, ਆਪਣੇ ਗੁਲਾਮ, ਆਪਣੇ ਦਾਸ ਕਰਕੇ ਉਨਾਂ ਉਤੇ ਸਿਖਰ ਦੇ ਅਤਿਆਚਾਰ ਕਰਨ ਵਾਲੇ। ਇਹ ਹੀ ਹਨ ਅਮਨ ਅਤੇ ਅਹਿੰਸਾ ਪਸੰਦ ਬੁਧ ਧਰਮ ਨੂੰ ਖਤਮ ਕਰਨ ਦਾ ਹਰ ਜਾਬਰਾਨਾਂ ਕੁਕਰਮ ਕਰਨ ਵਾਲੇ ਅਤੇ ਬੋਧੀਆਂ ਦੇ ਸਿਰਾਂ ਨੂੰ ਲਿਆਉਣ ਵਾਲਿਆਂ ਲਈ ਸੌ ਸੌ ਦਿਨਾਰਾਂ ਦੇ ਇਨਾਮ ਐਲਾਨਣ ਵਾਲੇ।

ਬਦੀ ਦੇ ਪ੍ਰਤੀਕ ਇਸ ਮੰਨੂਵਾਦੀ ਜਮਾਤ ਦੇ ਧਰਮ ਗ੍ਰੰਥ ਕੀ ਧਰਮ ਗ੍ਰੰਥ ਹਨ ਜਾਂ ਹੋਰ ਕੁਝ, ਰਿਗ ਵੇਦ ਵਿਚੋਂ ਨਮੂਨੇ ਵੱਜੋਂ ਕੁਝ ਤੁਕਾਂ ਦਾ ਵੇਰਵਾ ਪਾਠਕ ਪੜ੍ਹ ਹੀ ਚੁੱਕੇ ਨੇ। ਅਜੇਹਾ ਹੀ ਹੋਰ ਇਨਾਂ ਦੇ ਧਰਮ ਗ੍ਰੰਥਾਂ ਵਿਚੋਂ, ਇਕ ਇਨਸਾਨ ਜਾਤੀ, ਇਨਸਾਨੀਅਤ ਅਤੇ ਰੂਹਾਨੀਅਤ ਦੇ ਖਿਲਾਫ ਜ਼ਹਿਰ ਵੰਡਦਾ, ਵੀ 'ਦੇਸ ਪੰਜਾਬ' ਦੇ ਪ੍ਰਬੰਧਕ ਵੀਰਾਂ ਕੋਲ ਰੱਖਿਆ ਜਾ ਚੁੱਕਾ ਹੈ।

ਜੇ ਹੁਣ ਪੂਰਨ ਬਦੀ ਦਾ ਪ੍ਰਤੀਕ ਇਕ ਟੋਲਾ ਇਸ ਧਰਤ ਤੇ ਸਥਾਪਤ ਹੋ ਹੀ ਗਿਆ ਸੀ ਤਾਂ ਕਾਦਰ ਜਿਸ ਦੇ ਅਧੀਨ ਹੀ ਇਹ ਸਭ ਕੁਝ ਹੋ ਰਿਹਾ ਹੈ, ਨੇ ਇਸ ਬਦੀ ਦੇ ਪ੍ਰਤੀਕ ਟੋਲੇ ਤੇ ਸਦੀਵੀਂ ਜਿੱਤ ਲਈ ਵੀ ਨੇਕੀ ਦੇ ਪ੍ਰਤੀ ਇਨਸਾਨਾਂ ਦਾ ਸੰਗ੍ਰਹਿ ਖਾਲਸਾ ਪੰਥ ਪੈਦਾ ਕਰ ਦਿੱਤਾ ਗਿਆ। ਇਸ ਦੇ ਜਨਮ ਤੋਂ ਸੰਪੂਰਨ ਹੋਣ ਤੱਕ, ਇਹ ਹੀ ਹਨ ਜਿਨਾਂ ਵੱਲੋਂ ਹਰ ਚਾਣਕੀਆ ਚਾਲ ਚੱਲੀ ਗਈ ਤਾਂ ਜੋ ਇਨਾਂ ਦੇ ਹਿੰਦੂਤਵ ਦਾ ਵਿਰੋਧ ਕਰਨ ਵਾਲਾ, ਇਨਾਂ ਨੂੰ ਹੀ ਅਸਲ ਰਾਮ ਰੱਬ ਦੀ, ਚੰਗੇ ਇਨਸਾਨ ਬਣਨ ਦੀ ਅਤੇ ਇਵੇਂ ਅਸਲ ਸੱਚੀ ਭਗਤੀ ਦੇ ਮਾਰਗ ਪੈਣ ਦੀ ਸਿਖਿਆ ਦੇਣ ਵਾਲਾ ਮੱਤ ਅਤੇ ਪੰਥ ਸਥਾਪਤ ਹੀ ਨਾਂ ਹੋ ਸਕੇ।

ਇਹ ਹੀ ਹਨ ਬਦੀ ਦੇ ਪ੍ਰਤੀਕ ਇਕ ਪਾਸੇ ਮਜ਼ਲੂਮ ਪੰਡਤਾਂ ਦੇ ਰੂਪ ਵਿਚ ਨੌਵੇਂ ਗੁਰੂ ਤੋਂ ਆਪਣੇ ਤਿਲਕ ਜੰਜੂ ਦੀ ਰਾਖੀ ਦਾ ਵਚਨ ਲੈਣ ਵਾਲੇ ਅਤੇ ਦੂਜੇ ਪਾਸੇ ਪਹਾੜੀ ਰਾਜਿਆਂ ਦੇ ਰੂਪ ਵਿਚ ਇਨਾਂ ਦੇ ਹੀ ਤਿਲਕ ਜੰਜੂ ਲਹਾਉਣ ਵਾਲਿਆਂ ਨਾਲ ਮਿਲ ਕੇ ਖਾਲਸਾ ਧੰਥ ਅੱਗੇ ਖੜ੍ਹ ਜਾਣ ਵਾਲੇ ਅਤੇ ਇਸ ਤਰਾਂ ਆਪਣੇ ਹੀ ਤਿਲਕ ਜੰਜੂ ਦੀ ਰਾਖੀ ਦੇ ਬੱਚਨ ਦੀ ਪੂਰਤੀ ਲਈ ਖਾਲਸਾ ਪੰਥ ਦਾ ਵੱਧ ਤੋਂ ਵੱਧ ਲਹੂ ਬਹਾ ਜਾਣ ਵਾਲੇ। ਇਸ ਆਸ ਵਿਚ ਕਿ ਅਜੇ ਹੁਣੇ ਹੀ ਹੋਂਦ ਵਿਚ ਆਇਆ ਖਾਲਸਾ ਪੰਥ ਉਨਾਂ ਦੇ ਤਿਲਕ ਜੰਜੂ ਨੂੰ ਬਚਾ ਸਕਣ ਤੋਂ ਪਹਿਲੇ ਹੀ ਲੜਦਾ ਲੜਦਾ ਖਤਮ ਹੋ ਜਾਵੇਗਾ। ਇਹ ਹੀ ਹਨ ਆਟੇ ਦੀ ਆਪਣੀ ਮਾਤਾ ਗਊ ਅੱਗੇ ਕਸਮਾਂ ਖਾਕੇ ਮੁਕਰ ਜਾਣ ਵਾਲੇ, ਪਨਾਹ ਦੇ ਬਹਾਨੇ ਇਨਾਮ ਖਾਤਰ ਦਾਦੀ ਮਾਂ ਅਤੇ ਛੋਟੇ ਸਾਹਿਬਜਾਦਿਆਂ ਦੀ ਮੁਖਬਰੀ ਨਾਲ ਨਮਕ ਹਰਾਮੀ ਕਰ ਜਾਣ ਵਾਲੇ ਅਤੇ ਜੰਮਦੀਆਂ ਸੂਲਾਂ ਦੇ ਮੂੰਹ ਤਿਖੇ ਦੱਸਕੇ ਨੀਹਾਂ ਵਿਚ ਚਿਣਵਾਕੇ ਸ਼ਹੀਦ ਕਰਵਾ ਜਾਣ ਵਾਲੇ।

ਇਹ ਹੀ ਹਨ ਜੋ ਨਿਆਰੇ ਸਿਖ ਧਰਮ ਅਤੇ ਖਾਲਸੇ ਨੂੰ ਬਿਪਰਨ ਰੀਤ ਦੀ ਛੋਹ ਦੇਕੇ ਕਮਜੋਰ ਕਰੀ ਰੱਖਣ ਲਈ ਸ਼ਕਲੋਂ ਸਿਖ ਹੋ ਸਿਖ ਪੰਥ ਵਿਚ ਵੜ ਜਾਣ ਵਾਲੇ ਅਤੇ ਸਿਰਫ ਨੇਕੀ ਦੇ ਹੀ ਪ੍ਰਤੀਕ ਪ੍ਰਗਟੇ ਖਾਲਸਾ ਪੰਥ ਨੂੰ ਅਮਲੋਂ ਅਤੇ ਸ਼ਕਲੋਂ ਚੰਗੇ ਮਾੜੇ ਸਿਖਾਂ ਦਾ ਸੰਗ੍ਰਹਿ, ਇਕ ਕੌਮ ਕਰ ਜਾਣ ਵਾਲੇ। ਇਹ ਹੀ ਹਨ ਸਿਖ ਰਾਜ ਨੂੰ ਬਰਦਾਸ਼ਤ ਕਰ ਸਕਣ ਦੀ ਬਜਾਏ ਫਰੰਗੀਆਂ ਦੀ ਗੁਲਾਮੀ ਨੂੰ ਚੰਗਾ ਸਮਝਕੇ, ਉਨਾਂ ਦਾ ਸਾਥ ਦੇਕੇ, ਸਿਖਾਂ ਨੂੰ ਉਨਾਂ ਦੇ ਦੇਸ਼ ਅਤੇ ਰਾਜ ਭਾਗ ਤੋਂ ਵਾਂਝੇ ਕਰਵਾ ਦੇਣ ਵਾਲੇ। ਫਿਰ ਆਪੇ ਹੀ ਆਪਣੀ ਬਹੁਗਿਣਤੀ ਦੀ ਇਨਾਂ ਹੀ ਫਰੰਗੀਆਂ ਤੋਂ ਆਜਾਦੀ ਦੇ ਨਾਮ ਉਤੇ ਆਟੇ ਵਿਚ ਲੂਣ ਬਰਾਬਰ ਖਾਲਸਾ ਪੰਥ ਦਾ ਬਹੁਤ ਤਦਾਦ ਵਿਚ ਖ਼ੂਨ ਲੈ ਜਾਣ ਵਾਲੇ। ਇਹ ਹੀ ਹਨ ਜੋ ਆਪਣੀ ਬਿਪਰਨ ਰੀਤ ਦੀ ਛੋਹ ਨਾਲ ਸਿਖੀ ਕਿਰਦਾਰ ਤੋਂ ਕੀਤੇ ਕੱਚੇ ਪਿੱਲਿਆਂ ਨੂੰ, ਆਪਣੀਆਂ ਚਾਣਕੀਆ ਚਾਲਾਂ ਵਿਚ ਭਾਈਵਾਲ ਬਣਾਕੇ, ਡਾਕਟਰ ਅੰਬੇਦਕਰ ਜੀ ਨੂੰ ਕਰੋੜਾਂ ਹੀ ਦਲਤਾਂ ਸਮੇਤ, ਸਿਖ ਧਰਮ ਵਿਚ ਪ੍ਰਵੇਸ਼ ਕਰਨੋਂ ਰੁਕਵਾ ਜਾਣ ਵਾਲੇ।

ਇਹ ਹੀ ਹਨ ਬਦੀ ਦੇ ਪ੍ਰਤੀਕ ਮਹਾਤਮਾਂ ਗਾਂਧੀ, ਜਵਾਹਰ ਲਾਲ ਨਹਿਰ ਅਤੇ ਇਨਾਂ ਦੀ ਕਾਂਗਰਸ ਪਾਰਟੀ ਅਤੇ ਇਨਾਂ ਦੇ ਹੋਰ ਮੰਨੂਵਾਦੀ ਸਹਿਯੋਗੀ, ਭਾਰਤ ਦੀ ਆਜਾਦੀ ਤੋਂ ਪਹਿਲੋਂ ਖਾਲਸਾ ਪੰਥ ਨੂੰ ਭਾਰਤ ਨਾਲ ਰੱਖਣ ਲਈ, ਇਸ ਨੂੰ ਵੱਧ ਅਧਿਕਾਰ ਸਿਖ ਖਿੱਤਾ ਦੇਣ ਦਾ ਇਕਰਾਰ ਕਰਨ ਵਾਲੇ ਜਿਥੇ ਸਿਖ ਵੀ ਅਜਾਦੀ ਦਾ ਨਿਘ ਮਾਣ ਰਹੇ ਹੋਣ। ਪਰ ਮਗਰੋਂ ਆਪਣੇ ਬੁਰਾਈ ਸੁਭਾਅ ਮੁਤਾਬਕ ਇਸ ਇਕਰਾਰ ਤੋਂ ਮੁਕਰਨ ਦਾ ਖਾਲਸਾ ਪੰਥ ਨਾਲ ਵਿਸ਼ਵਾਸਘਾਤ ਕਰ ਜਾਣ ਵਾਲੇ। ਇਹ ਹੀ ਹਨ ਜੋ ਭਾਰਤ ਦੀ ਵੰਡ ਵੇਲੇ ਚਾਣਕੀਆ ਚਾਲ ਨਾਲ ਪਹਿਲੋਂ ਸਿਖਾਂ ਦੀ ਧਰਤ ਤੇ ਆਰੀ ਫੇਰਕੇ ਦੋਫਾੜ ਕਰਨ ਵਾਲੇ, ਫਿਰ ਸਿੱਖਾਂ ਹਿਸੇ ਕੀਤੇ ਇਸ ਦੋਫਾੜ ਦੇ ਇਕ ਹਿਸੇ ਦੇ ਵੀ ਤਿੰਨ ਹਿਸੇ ਕਰਕੇ ਦੋ ਨੂੰ ਆਪਣੇ ਅਧੀਨ ਕਰ ਲੈਣ ਵਾਲੇ। ਖਾਲਸਾ ਪੰਥ ਦੇ ਹਿੱਸੇ ਕੀਤੀ ਪੰਜਾਬੜੀ ਦੀ ਰਾਜਧਾਨੀ ਵੀ ਖੋਹਕੇ ਆਪਣੇ ਕੋਲ ਕਰ ਲੈਣ ਵਾਲੇ ਅਤੇ ਇਸ ਪੰਜਾਬੜੀ ਨੂੰ ਵੀ ਹਰ ਪੱਖੋਂ ਰੱਜਕੇ ਲੁਟਣ ਵਾਲੇ, ਉਜਾੜਨ ਵਾਲੇ।

ਖਾਲਸਾ ਪੰਥ ਵੱਲੋਂ ਆਪਣੇ ਬਚਾ ਲਈ ਭਾਰਤ ਦੀ ਆਜਾਦੀ ਤੋਂ ਪਹਿਲੇ ਖਾਲਸਾ ਪੰਥ ਨਾਲ ਖੁਦਮੁਖਤਿਆਰ ਖਿੱਤੇ ਦੇ ਕੀਤੇ ਵਾਦਿਆਂ ਦੀ ਪੂਰਤੀ ਲਈ ਵੰਗਾਰਨ ਬਦਲੇ, ਇਹ ਹੀ ਹਨ ਦਿਲੀ ਤਖਤ ਤੇ ਬੈਠੇ ਬਦੀ ਦੀ ਪ੍ਰਤੀਕ, ਬਦੀ ਦੀ ਸਿਖਰ ਕਰਕੇ, ਸ੍ਰੀ ਹਰਿਮੰਦਰ ਉਤੇ ਆਪਣੀਆਂ ਫੌਜਾਂ ਨਾਲ ਹਮਲਾ ਕਰ ਜਾਣ ਵਾਲੇ ਅਤੇ ਪੂਰੇ ਭਾਰਤ ਨੂੰ ਮੰਨੂਵਾਦੀ ਕਰਨ ਲਈ ਸਿਖਾਂ ਅਤੇ ਹੋਰ ਘੱਟ ਗਿਣਤੀਆਂ ਦਾ ਬੇਤਹਾਸ਼ਾ ਲਹੂ ਵਹਾਕੇ ਵੀ ਆਪਣੇ ਆਪਨੂੰ ਸੱਤਵਾਦੀ ਕਹਾਈ ਜਾਣ ਵਾਲੇ।

ਦੇਸ ਪੰਜਾਬ ਵਿਚ ਲਿਖਣ ਵਾਲੇ ਵਿਦਵਾਨਾਂ, ਸੁਹਿਰਦ ਸਿੱਖਾਂ ਅਤੇ ਦੇਸ ਪੰਜਾਬ ਦੇ ਪ੍ਰਬੰਧਕ ਵੀਰਾਂ ਨੇ ਪੰਜਾਬ, ਭਾਰਤ ਅਤੇ ਸੰਸਾਰ ਪੱਧਰ ਤੇ ਹੋ ਰਹੇ ਨੂੰ ਵੀ ਬਾਜ ਨਜ਼ਰਾਂ ਨਾਲ ਘੋਖਿਆ ਹੈ ਅਤੇ ਸੰਸਾਰ ਨੂੰ ਸੰਵਾਰਨ ਲਈ ਤੁਰਨ ਤੋਂ ਪਹਿਲੇ ਆਪਣੇ ਗੁਰੂਆਂ ਦੀ ਧਰਤ ਪੰਜਾਬ ਨੂੰ ਸੰਵਾਰ ਸਕਣ ਲਈ, ਆਪਾ ਪੜਚੋਲ ਨਾਲ ਵਿਹੜੇ ਵਿਚ ਪਏ ਮਨੂੰਵਾਦੀ ਕੂੜ ਦੀ ਪੱਕੀ ਨਿਸ਼ਾਨਦੇਹੀ ਕੀਤੀ ਹੈ ਜੋ ਬਦੀ ਦੇ ਪ੍ਰਤੀਕ ਮੰਨੂਵਾਦੀ ਦਿਲੀ ਤਖਤ ਦੇ ਸਹਾਰੇ ਗੁਰੂਆਂ ਦੀ ਧਰਤੀ ਦਿਨੋ ਦਿਨ ਵਧਦਾ ਜਾ ਰਿਹਾ ਹੈ।

ਖਾਲਸਾ ਪੰਥ ਨੂੰ ਭਾਰਤ ਨਾਲ ਰੱਖਣ ਲਈ ਖਾਲਸਾ ਪੰਥ ਨਾਲ ਕੀਤੇ ਇਕਰਾਰਾਂ ਤੋਂ ਮੁਕਰਨ ਦਾ ਧ੍ਰੋਹ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਧਾਵਾ ਬੋਲਣ ਦਾ ਅਤਿ ਘਿਨਾਉਣਾਂ ਕਾਰਾ ਕਰਨ ਵਾਲੀ ਕਾਗਰਸ ਪਾਰਟੀ ਵਲੋਂ ਆਪਣੀ ਚਾਣਕੀਆ ਚਾਲ ਨਾਲ, ਸੂਰਤ ਤੋਂ ਸਿਖ ਦਿਸਦੇ ਇਨਸਾਨ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਕਰਕੇ ਅਤੇ ਇਸ ਕੋਲੋਂ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਦੇ ਸਬੰਧ ਵਿਚ ਸਿਖ ਕੌਮ ਤੋਂ ਮੁਆਫੀ ਦਾ ਢਕਵੰਜ ਰਚਾਕੇ, ਇਸ ਦੇ ਮੁੱਖੋਂ ਹੀ ਆਪਣੇ ਮਹਾਤਮਾਂ ਗਾਂਧੀ ਨੂੰ, ਆਪਣੇ ਜਵਾਹਰ ਲਾਲ ਨਹਿਰੂ ਨੂੰ ਅਤੇ ਆਪਣੀ ਇੰਦਰਾ ਗਾਂਧੀ ਨੂੰ ਮਹਾਨ ਕਰਾਕੇ, ਜਿਥੇ ਇਨਾਂ ਬਦੀ ਦੇ ਪ੍ਰਤੀਕਾਂ ਵੱਲੋਂ ਭਾਰਤ ਦੀ ਆਜਾਦੀ ਤੋਂ ਲੈਕੇ ਕੀਤੇ ਖਾਲਸਾ ਪੰਥ ਨਾਲ ਹਰ ਧਰੋਹ ਤੇ, ਹਰ ਅਨਿਆ ਅਤੇ ਜ਼ੁਲਮ ਉਤੇ ਮਿਟੀ ਪੁਆਈ ਗਈ ਹੈ ਉਥੇ ਨਵੰਬਰ 1984 ਦੇ ਯੋਜਨਾਂਬੱਧ ਸਿਖ ਕਤਲੇਆਮ ਲਈ ਮੁੱਖ ਜਿਮੇਵਾਰ ਦੋਸ਼ੀਆਂ ਨੂੰ ਵੀ ਸ਼ਕਲ ਦੇ ਸਿਖ ਭਾਰਤ ਦੇ ਪ੍ਰਧਾਨ ਮੰਤਰੀ ਦੇ ਮੁਖੋਂ ਹੀ ਨਿਰਦੋਸ਼ੇ ਐਲਾਨ ਵੀ ਕਰਵਾ ਲਿਆ ਹੈ। ਖਾਲਸਾ ਪੰਥ ਨੂੰ ਇਹ ਲੁਕਵਾਂ ਸੰਦੇਸ਼ ਵੀ ਪਹੁੰਚਾ ਲਿਆ ਹੈ ਕਿ ਤੁਸਾਂ ਵੱਲੋਂ ਆਜਾਦੀ ਵੇਲੇ ਦੇ ਸਾਡੇ ਵਲੋਂ ਕੀਤੇ ਵਾਅਦੇ ਨਾ ਭੁੱਲਣ ਕਰਕੇ ਅਤੇ ਇਹ ਵਾਅਦੇ ਸਾਨੂੰ ਯਾਦ ਦਿਲਾਉਣ ਕਰਕੇ ਹੀ ਤੁਸਾਂ ਸਾਡੀ ਕਰੂਪੀ ਦਾ ਕਹਿਰ ਵੇਖਿਆ ਹੈ ਅਤੇ ਇਹ ਵੀ ਕਿ ਭੁੱਲ ਜਾਵੋ ਆਪਣੀ ਨਿਆਰੀ ਹੋਂਦ ਦੀ ਕਾਇਮੀ ਲਈ ਸਿਖ ਦੇਸ਼ ਤਾਂ ਕੀ, ਵੱਧ ਅਧਿਕਾਰ ਖੁਦਮੁਖਤਿਆਰ ਖਿੱਤੇ ਤੱਕ ਦੀ ਮੰਗ। ਕਰ ਲਵੋ ਮੰਨੂੰਵਾਦ ਦੀ ਸਰਦਾਰੀ ਨੂੰ ਕਬੂਲ ਅਤੇ ਇਸ ਦੀ ਰਜਾ ਦੇ ਹੋਕੇ ਰਹਿਣਾਂ। ਨਹੀਂ ਤਾਂ ਹੋਰ ਵੀ ਸਹਿਣ ਲਈ ਤਿਆਰ ਰਹੋ ਸਾਡੀ ਕਰੂਪੀ ਦਾ ਕਹਿਰ।

ਇਹ ਆਪਾ ਪੜਚੋਲ ਨਾਲ ਵਿਹੜੇ ਵਿਚ ਪਏ ਮਨੂੰਵਾਦੀ ਕੂੜ ਦੀ ਕੀਤੀ ਗਈ ਪੱਕੀ ਨਿਸ਼ਾਨਦੇਹੀ ਹੀ ਹੈ ਕਿ "ਸਿਖੀ ਅਤੇ ਸਿੱਖਾਂ ਉਪਰ ਜਗੀਰਦਾਰਾਂ, ਧਨਾਡਾਂ, ਪੁਜਾਰੀਆਂ ਤੇ ਗਦਾਰਾਂ ਦੀ ਜਕੜ, ਸਾਧਾਂ ਵਲੋਂ ਸਿੱਖਾਂ ਦੇ ਅਨਮੋਲ ਖਜਾਨੇ ਦਾ ਘਾਣ, ਸਿਖਾਂ ਦੇ ਸਾਧ ਬਾਬੇ, ਸਿਖਾਂ ਵਿਚ ਪੁਜਾਰੀਵਾਦ ਦੀ ਚੜ੍ਹਤ, ਲੰਗਰ ਵਿਚ ਜਾਤੀ ਆਧਾਰ ਤੇ ਵਿਤਕਰਾ, ਮੂਰਖਾਂ, ਲੁਟੇਰਿਆਂ , ਪੁਜਾਰੀਆਂ ਤੇ ਗਦਾਰਾਂ ਦੇ ਪੈਰੀਂ ਰੁਲਦੀ ਸਿੱਖੀ, ਇਤਿਹਾਸ ਤੋਂ ਕੋਰੇ ਬਾਬਿਆਂ ਦੀਆਂ ਸੈਂਤੀਆਂ ਤੋਂ ਅਕਾਲ ਤਖਤ ਦੇ ਇਤਿਹਾਸਿਕ ਥੜੇ ਨੂੰ ਕਿਵੇਂ ਬਚਾਇਆ, ਵਿਚਾਰਧਾਰਕ ਸਫਾਏ ਦੀ ਮੁਹਿੰਮ ਅਤੇ ਪੰਜਾਬੀ ਮੀਡੀਏ ਦੀ ਭੂਮਿਕਾ, ਖਾਲਸਾ ਪੰਥ ਆਓ ਜ਼ਰਾ ਸੋਚੀਏ, ਵਿਚਾਰ ਕਰੀਏ, ਜਾਗਣ ਦਾ ਵੇਲਾ, ਪੰਜਾਬ ਅੰਦਰ ਸੱਭਿਆਚਾਰਕ ਖੋਰਾ, ਸਮਾਜਕ ਬੁਰਾਈਆਂ ਅਤੇ ਸਿਹਤ ਸੰਭਾਲ, ਧਰਮ ਸਾਲ ਜਾਂ ਹਉਮੈ ਪੂਰਤੀ ਦੇ ਅੱਡੇ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਫਿਰ ਮਹੰਤਾਂ ਤੇ ਮਸੰਦਾਂ ਦਾ ਕਬਜਾ, ਨਜ਼ਰਬੰਦ ਸਿੰਘਾਂ ਦੀ ਰਿਹਾਈ ਚ ਬਾਦਲਕਿਆਂ ਦਾ ਰੋਲ ਅਤੇ ਕਨਿਸ਼ਕ ਕਾਂਡ ਦਾ ਫੈਸਲਾ, ਸ ਬਾਦਲ ਤੇ ਆਰ ਐਸ ਐਸ, ਜਥੇਦਾਰ ਵੇਦਾਂਤੀ ਵੀ ਦੋਸ਼ੀ, ਧਨਵੰਤ ਸਿੰਘ ਲਈ ਜੇਲ ਵੇਦਾਂਤੀ ਲਈ ਨਮੋਸ਼ੀ, ਕੁੜੀ ਮਾਰ ਪ੍ਰਧਾਨ, ਹਵਨ ਯੱਗਾਂ ਦੀ ਬਾਦਲੀ ਰਾਜਨੀਤੀ ਦੇ ਸ਼ਿਕੰਜੇ ਚੋਂ ਅਕਾਲ ਤਖਤ ਤੇ ਗੁਰਧਾਮਾਂ ਦੀ ਮੁਕਤੀ ਦਾ ਮਸਲਾ ਅਤੇ ਕਵਿਕ ਰਚਨਾਂ ਮੈ ਤੇਰਾ ਸਿਖ ਨਹੀ ਹਾਂ" ਅਤੇ ਅਜਿਹੇ ਹੀ ਸਰਲੇਖਾਂ ਜੇਠ ਹੋਰ ਅਣਗਿਣਤ ਰਚਨਾਵਾਂ ਪਾਠਕਾਂ ਨੂੰ ਪੜ੍ਹਨ ਨੂੰ ਮਿਲੀਆਂ।

'ਦੇਸ ਪੰਜਾਬ' ਵਿਚ ਵਿਸ਼ਵ ਪੱਧਰ ਉਤੇ ਵਾਪਰ ਰਹੇ ਦੀ ਚਰਚਾ ਅਤੇ ਪੜਚੋਲ ਵੀ ਹੋ ਰਹੀ ਹੈ ਅਤੇ ਜਿਸ ਦੀ ਲਾਠੀ ਉਸ ਦੀ ਬੈਂਸ ਦਾ ਜੰਗਲੀ ਜਾਨਵਰਾਂ ਦਾ ਕਾਨੂੰਨ ਸੰਸਾਰ ਉਤੇ ਲਾਗੂ ਕਰੀ ਬੈਠੀ ਜਮਾਤ ਦੀ ਪਹਿਚਾਣ ਕੀਤੀ ਹੈ ਜੋ ਵਿਸ਼ਵ ਸ਼ਾਂਤੀ ਦੀ ਸਥਾਪਤੀ ਦੇ ਨਾਮ ਉਤੇ ਖੁਦ ਖੁਦਗਰਜ ਹੋਣ ਕਰਕੇ ਵਿਸ਼ਵ ਸ਼ਾਂਤੀ ਦੀ ਸਥਾਪਤੀ ਦੇ ਰਾਹਾਂ ਵਿਚ ਰੋੜਾ ਬਣੀ ਬੈਠੀ ਹੈ। ਜਿਸ ਵਲੋਂ ਆਪਣੇ ਮੁਫਾਜ ਲਈ ਸੰਯੁਕਤ ਰਾਸ਼ਟਰ ਨੂੰ ਵੀ ਪਾਸੇ ਕਰਕੇ ਆਪਣੀ ਚਲਾ ਲੈਣ ਤੋਂ ਪਰਹੇਜ ਨਹੀ। ਜਿਸ ਵਲੋਂ ਆਪਣੇ ਹਿੱਤਾਂ ਦੀ ਰਾਖੀ ਲਈ ਅਹਿੰਸਾ ਅਤੇ ਹਿੰਸਾ ਦੀ ਮਨਚਾਹੀ ਪ੍ਰਭਾਸ਼ਾ ਮੁਕਰਰ ਕਰਕੇ ਸੰਸਾਰ ਨੂੰ ਉਸ ਦੇ ਪਾਬੰਦ ਕਰ ਲੈਣ ਦਾ ਹਰ ਹੀਲਾ ਕੀਤਾ ਜਾ ਰਿਹਾ ਹੈ।

ਇਸ ਜਮਾਤ ਵਲੋਂ ਇਕ ਪਾਸੇ ਲੋਕਰਾਜ ਦੇ ਅਸੂਲਾਂ ਦੀਆਂ ਸਿਫਤਾਂ ਹਨ ਅਤੇ ਇਸਲਾਮਿਕ ਦੇਸ਼ਾਂ ਵਿਚ ਲੋਕਰਾਜੀ ਨਿਯਾਮਾਂ ਦੀ ਸ਼ੁਰੂਆਤ ਕਰਵਾ ਰਹੀ ਹੈ ਪਰ ਦੂਜੇ ਪਾਸੇ ਆਪੇ ਹੀ ਲੋਕਰਾਜੀ ਅਸੂਲਾਂ ਨੂੰ ਭੰਗ ਕਰਕ, ਮੰਨੂੰਵਾਦੀ ਦਿਲੀ ਤਖਤ ਦੀ ਤਰਜ ਉਤੇ ਆਪਣੇ ਵੋਰਧੀਆਂ ਨੂੰ ਆਪਣੀਆਂ ਜੇਲਾਂ ਵਿਚ ਅੱਤ ਸ਼ਰਮਨਾਕ ਤਸੀਹੇ ਦੇਣ, ਬਿਨਾਂ ਕੇਸ ਚਲਾਏ ਜੇਲਾਂ ਵਿਚ ਰੱਖਣ ਅਤੇ ਆਪਣੇ ਲਈ ਖਤਰੇ ਦੀ ਸ਼ੱਕ ਉਤੇ ਹੀ ਲੋਕਾਂ ਨੂੰ ਚੋਰੀਂ ਚੁੱਕ ਲੈਣ, ਗੁਪਤ ਤਸੀਹੇ ਦੇਣ ਅਤੇ ਗੁਮ ਕਰ ਦੇਣ ਜਹੀਆਂ ਤਾਨਾਸ਼ਾਹੀ ਕਾਰਵਾਈਆਂ ਤੇ ਉਤਰ ਚੁੱਕੀ ਹੈ।

ਲੋਕਰਾਜ ਦਾ ਅਧਾਰ ਲੋਕਾਂ ਦੀਆਂ ਵੋਟਾਂ ਨਾਲ ਬਹੁਮਤ ਹਾਸਲ ਕਰਨ ਵਾਲਿਆਂ ਨੇ ਸਰਕਾਰ ਕਾਇਮ ਕਰਨੀ ਅਤੇ ਬਹੁਮੱਤ ਦੇ ਅਧਾਰ ਉਤੇ ਹੀ ਕੋਈ ਫੈਸਲਾ, ਕੋਈ ਨੀਤੀ ਤਹਿ ਕਰ ਸਕਣਾਂ, ਕੋਈ ਕਾਨੂੰਨ ਘੜ ਸਕਣਾਂ ਜਾਂ ਰੱਦ ਕਰ ਸਕਣਾਂ ਜਾਂ ਕੋਈ ਤਬਦੀਲੀ ਕਰ ਸਕਣਾਂ ਹੈ। ਵੋਟ ਗਰੀਬ ਦੀ ਹੈ, ਮਾੜੇ ਦੀ ਹੈ ਜਾਂ ਅਮੀਰ ਦੀ ਹੈ, ਤਾਕਤਵਰ ਦੀ ਹੈ, ਜਾਂ ਦੋਹਾਂ ਬਿਵਸਥਾਵਾਂ ਤੋਂ ਮੁਕਤ ਦੀ ਹੈ, ਬਹੁਮੱਤ ਦੇ ਰਾਜ ਲਈ ਜਾਂ ਫੈਸਲੇ ਲਈ ਹਰ ਵੋਟ ਦੀ ਕੀਮਤ ਬਰਾਬਰ ਹੈ। ਵੋਟਾਂ ਦੁਆਰਾ

ਬਹੁਮੱਤ ਦੇ ਸਹਾਰੇ ਤੋਂ ਬਿਨਾਂ ਕਿਸੇ ਹੋਰ ਪੱਖੋਂ ਬਲਵਾਨ ਵੱਲੋਂ ਆਪਣੀ ਤਾਕਤ ਦੇ ਸਹਾਰੇ ਬਾਕੀਆਂ ਤੇ ਹਾਵੀ ਹੋ ਜਾਣਾਂ, ਆਪਣੀ ਰਜਾ ਦੇ ਫੈਸਲੇ, ਕਾਨੂੰਨ ਬਾਕੀਆਂ ਉਤੇ ਲਾਗੂ ਕਰਨ ਦਾ ਅਧਿਕਾਰੀ ਐਲਾਨ ਲੈਣਾਂ, ਆਪਣੇ ਆਪਨੂੰ ਤਾਨਾਸ਼ਾਹ, ਡਿਕਟੇਟਰ ਐਲਾਨ ਲੈਣਾਂ ਹੈ।

ਸੰਯੁਕਤ ਰਾਸ਼ਟਰ ਦੇ ਹਰ ਮੈਂਬਰ ਦੇਸ਼ ਦੀ ਵੋਟ ਦੀ ਕੀਮਤ ਬਰਾਬਰ ਅਤੇ ਇਸ ਦੇ ਸਹਾਰੇ ਬਹੁਸੰਮਤੀ ਅਤੇ ਇਸ ਬਹੁਸੰਮਤੀ ਦੇ ਫੈਸਲੇ ਸੰਸਾਰ ਉਤੇ ਉਤਮ ਤੇ ਇੰਜ ਸੰਸਾਰ ਦੇ ਝਗੜਿਆਂ ਨੂੰ ਨਿਪਟਾਉਣ ਅਤੇ ਸੰਸਾਰ ਉਤੇ ਸਦੀਵੀ ਅਮਨ ਦੀ ਸਥਾਪਤੀ ਲਈ ਸੰਯੁਕਤ ਰਾਸ਼ਟਰ ਨੂੰ ਤੋਰ ਸਕਣ ਦੀ ਬਜਾਏ ਲੋਕ ਰਾਜ ਦੇ ਮੁਦਈਆਂ ਨੇ, ਕੁਮਨਿਜ਼ਮ ਦੇ ਮੁਦੀਆਂ ਨੇ ਅਤੇ ਐਟਮੀ ਹਥਿਆਰਾਂ ਨਾਲ ਲੈਸ ਐਟਮੀ ਸ਼ਕਤੀਆਂ ਦੇ ਮਾਲਕ ਪੰਜ ਦੇਸ਼ਾਂ ਨੇ ਮਿਲਕੇ, ਸੰਯੁਕਤ ਰਾਸ਼ਟਰ ਦੁਆਰਾ ਆਪਣੇ ਆਪਨੂੰ ਸੰਸਾਰ ਦੇ ਪੰਜ ਸ਼ਕਤੀਸ਼ਾਲੀ ਦੇਸ਼ ਹੋਣਾਂ ਅਤੇ ਇਨਾਂ ਪੰਜਾਂ ਕੋਲ ਹੀ ਐਟਮੀ ਹਥਿਆਰਾਂ ਨੂੰ ਰੱਖਣ ਦਾ ਅਧਿਕਾਰ ਹੋਣਾਂ ਐਲਾਨ ਲਿਆ। ਇਥੇ ਹੀ ਬੱਸ ਨਹੀ, ਇਨਾਂ ਪੰਜਾਂ ਵਲੋਂ ਵੇਟੋ ਦੇ ਸਪੈਸ਼ਲ ਅਧਿਕਾਰ ਨਾਲ ਆਪਣੇ ਆਪਨੂੰ ਸੰਸਾਰ ਦੇ ਮਾਨਤਾ ਪ੍ਰਾਪਤ ਤਾਨਾਸ਼ਾਹ, ਡਿਕਟੇਟਰ ਵੀ ਐਲਾਨ ਕਰ ਲਿਆ ਹੈ ਤਾਂ ਜੋ ਇਨਾਂ ਦੀ ਰਜਾ ਅਤੇ ਸਹਿਮਤੀ ਬਿਨਾਂ ਸੰਸਾਰ ਉਤੇ ਪੱਤਾ ਵੀ ਨਾ ਝੁਲ ਸਕੇ।

ਇੰਨਾਂ ਪੰਜਾਂ ਚੋਂ ਅਮਰੀਕਾ ਵਲੋਂ ਇਸ ਵੇਟੋ ਦੇ ਤਾਨਾਸਾਹੀ ਅਧਿਕਾਰ ਨਾਲ ਫਲਸਤੀਨੀਆਂ ਦੀ ਆਜਾਦੀ ਨੂੰ ਰੋਕਣ ਅਤੇ ਇਜ਼ਰਾਇਲ ਨੂੰ ਆਪਣੀ ਫੌਜੀ ਸ਼ਕਤੀ ਦੀ ਖੁੱਲੀ ਵਰਤੋਂ ਦਾ ਅਧਿਕਾਰ ਦੇਈ ਰਖਣ ਲਈ, ਸੰਯੁਕਤ ਰਾਸ਼ਟਰ ਵਿਚ ਇਜ਼ਰਾਇਲ ਦੇ ਖਿਲਾਫ ਕੋਈ ਮਤਾ ਪਾਸ ਹੀ ਨਾ ਹੋਣ ਦਿੱਤਾ ਅਤੇ ਜੇ ਕਮਜ਼ੋਰ ਕੀਤਾ ਮਤਾ ਪਾਸ ਵੀ ਹੋਇਆ ਤਾਂ ਇਜ਼ਰਾਇਲ ਨੂੰ ਉਸ ਉਤੇ ਪਹਿਰੇ ਦਾ ਪਾਬੰਦ ਹੀ ਨਾ ਕੀਤਾ ਗਿਆ। ਇੰਗਲੈਂਡ ਦੇ ਹੁਕਮਰਾਨਾਂ ਦੇ ਸੁਭਾਅ ਵਿਚੋਂ ਇਹ ਹੰਕਾਰ ਅਜੇ ਵੀ ਨਹੀਂ ਗਿਆ ਜਾਪਦਾ ਕਿ ਉਨਾਂ ਦੇ ਰਾਜ ਦਾ ਸੂਰਜ ਕਦੇ ਡੁਬਦਾ ਨਹੀਂ ਸੀ। ਜਿਸ ਕਰਕੇ ਇਹ ਆਜਾਦੀ ਦੇ ਹੱਕੀ ਸੰਗਰਾਮਾਂ ਨੂੰ ਵੀ ਅਤਿਵਾਦ ਦਾ ਨਾਮ ਦੇ ਰਹੇ ਨੇ ਅਤੇ ਆਪਣੀ ਮਰਜੀ ਦੀ ਸੱਤਵਾਦ ਅਤੇ ਅੱਤਵਾਦ ਦੀ ਪ੍ਰਭਾਸ਼ਾ ਨੀਅਤ ਕਰਕੇ ਸੰਸਾਰ ਨੂੰ ਉਸ ਦੇ ਪਾਬੰਦ ਕਰ ਲੈਣ ਲਈ ਯਤਨਸ਼ੀਲ ਨੇ। ਫਰਾਂਸ ਵੱਲੋਂ ਧਰਮ ਨਿਰਪੱਖਤਾ ਦੇ ਨਾਮ ਉਤੇ ਸਰਕਾਰੀ ਅਦਾਰਿਆਂ ਅਤੇ ਸਕੂਲਾਂ ਵਿਚੋਂ ਹਰ ਧਰਮ ਦੇ ਚਿੰਨਾਂ ਨੂੰ ਖਤਮ ਕਰਦੇ ਸਿਖਾਂ ਨੂੰ ਦਸਤਾਰਹੀਣ ਹੋਕੇ ਹੀ ਉਨਾਂ ਦੇ ਸਕੂਲਾਂ ਵਿਚ, ਰਾਜ ਭਾਗ ਵਿਚ ਅਤੇ ਸਰਕਾਰੀ ਅਦਾਰਿਆਂ ਵਿਚ ਭਾਈਵਾਲ ਹੋ ਸਕਣ ਦਾ ਅਤਿ ਘਿਨਾਉਣਾਂ ਅਤੇ ਮੂਰਖਾਨਾਂ ਕਾਨੂੰਨ ਲਾਗੂ ਕਰ ਦਿੱਤਾ ਹੈ। ਆਪਣੀ ਆਜਾਦੀ ਲਈ ਘੋਲ ਕਰ ਰਹੇ ਚੁਚੇਨੀਅਨ ਦੇ ਲੋਕਾਂ ਨੂੰ ਰੂਸ ਦਾ ਪ੍ਰਧਾਨ ਜੁਰਾਇਮਪੇਸ਼ਾ ਲੋਕਾਂ ਦੇ ਗ੍ਰੋਹ ਹੀ ਅਲਾਪਦਾ ਹੈ ਅਤੇ ਉਨਾਂ ਨੂੰ ਫੌਜੀ ਸ਼ਕਤੀ ਨਾਲ ਕੁਚਲ ਦੇਣ ਦਾ ਜਾਬਰਾਨਾਂ ਵਤੀਰਾ ਹੀ ਅਖਤਿਆਰ ਕਰੀ ਬੈਠਾ ਹੈ। ਇਸ ਵਲੋ ਅਪਣੇ ਵੇਟੋ ਦੇ ਤਾਨਾਂਸ਼ਾਹੀ ਅਧਿਕਾਰ ਦੀ ਵਰਤੋਂ ਨਾਲ ਵੀ ਚੁਚੇਨੀਅਨ ਦੇ ਲੋਕਾਂ ਦੀ ਆਜਾਦੀ ਦੇ ਮਸਲੇ ਨੂੰ ਹੱਲ ਨਹੀਂ ਹੋਣ ਦੇਣਾਂ। ਚੀਨ ਵਲੋਂ ਤਿਬਤ ਤੇ ਪਹਿਲੋਂ ਹੀ ਕਬਜਾ ਕਰੀ ਰੱਖਿਆ ਹੈ। ਜਿਵੇਂ ਪੰਜਾਬ ਵਿਚ ਬਾਹਰਲੇ ਰਾਜਾਂ ਵਿਚੋਂ ਲਿਆ ਕੇ ਬਹੁਤਤਦਾਦ ਵਿਚ ਮੰਨੂਵਾਦੀ ਵਸਾ ਦਿੱਤੇ ਨੇ ਇਵੇਂ ਹੀ ਤਿਬਤ ਵਿਚ ਚੀਨੀ ਮੂਲ ਦੇ ਲੋਕ। ਚੀਨ ਦੀ ਸਰਕਾਰ ਵਲੋਂ ਅਪਣੇ ਇਸ ਸਾਲ ਦੇ ਸਲਾਨਾਂ ਇਜਲਾਸ ਵਿਚ ਇਹ ਮਤਾ ਵੀ ਪਾਸ ਕਰ ਦਿੱਤਾ ਹੈ ਕਿ ਉਹ ਤਹਿਵਾਨ ਦੀ ਆਜਾਦੀ ਨੂੰ ਰੋਕਣ ਲਈ ਹਥਿਆਰਬੰਦ ਤਾਕਤ ਦੀ ਵਰਤੋਂ ਕਰਨਾਂ ਆਪਣਾ ਅਧਿਕਾਰ ਜਤਾਉਂਦੀ ਹੈ।

ਆਪ ਐਟਮੀ ਹਥਿਆਰਾਂ ਨਾਲ ਨੱਕੋ ਨੱਕ ਲੈਸ ਇਹ ਪੰਜ ਵੇਟੋ ਅਧਿਕਾਰੀ ਦੇਸ਼ ਭਾਰਤ ਅਤੇ ਪਾਕਿਸਤਾਨ ਨੂੰ ਐਟਮੀ ਹਥਿਆਰਾਂ ਦੇ ਮਾਲਕ ਹੋਣੋਂ ਤਾਂ ਰੋਕ ਨਾ ਸਕੇ ਪਰ ਨੌਰਥ ਕੋਰੀਆ ਅਤੇ ਇਰਾਨ ਨੂੰ ਇਥੋਂ ਤੱਕ ਪਹੁੰਚਣ ਤੋਂ ਅਗਾਉਂ ਰੋਕਣ ਲਈ ਹਵਾਈ ਹਮਲਿਆਂ ਦੀਆਂ ਵਿਆਉਂਤਾਂ ਬਣਾਈ ਬੈਠੇ ਨੇ।

ਇਥੇ ਹੀ ਬੱਸ ਨਹੀ। ਦਿੱਲੀ ਤਖਤ ਉਤੇ ਬਦੀ ਦੇ ਪ੍ਰਤੀਕ ਮੰਨੂਵਾਦੀਆਂ ਵਲੋਂ ਆਪਣੇ ਦਿੱਲੀ ਤਖਤ ਉਤੇ ਸਰੂਪੋਂ ਦਿਸਦੇ ਸਿਖ ਨੂੰ ਭਾਰਤ ਸਰਕਾਰ ਦਾ ਮੁਖੀ ਕਰਕੇ, ਇਸ ਨੂੰ ਵਿਸ਼ਵਪੱਧਰ ਉਤੇ ਜੋਰਾਵਰਾਂ ਵਲੋਂ ਆਪਣੇ ਮੁਫਾਜ ਲਈ ਜਿਸ ਦੀ ਲਾਠੀ ਉਸ ਦੀ ਭੈਂਸ ਮੁਤਾਬਕ ਚਲਾਈ ਹੋਈ ਭੇਡ ਚਾਲ ਵਿਚ ਜੋਰਾ ਸ਼ੋਰਾਂ ਨਾਲ ਭਾਈਵਾਲ ਬਣਾਕੇ, ਮੰਨੂਵਾਦੀ ਦੇ ਕਿਰਦਾਰ ਅਤੇ ਸਿਖ ਕਿਰਦਾਰ ਵਿਚ ਫਰਕ ਨੂੰ ਜੀਰੋ ਕਰ ਦਿਖਾਇਆ ਹੈ।

ਅੱਜ ਵੀ ਸੰਸਾਰ ਓਤੇ ਇਨਸਾਨ ਭੁੱਖ ਨਾਲ ਮਰ ਰਿਹਾ ਹੈ। ਇਨਾਂ ਵਿਚ ਵੀ ਸਭ ਤੋਂ ਵੱਧ ਮਰਨ ਵਾਲੇ ਸੰਸਾਰ ਦੇ ਸਭ ਤੋਂ ਵੱਧ ਨਿਰਬਲ, ਨਿਰਧਨ ਬੱਚੇ ਤੇ ਔਰਤਾਂ ਹਨ। ਹਰ ਝਗੜੇ ਵਿਚ, ਹਰ ਲੜਾਈ ਵਿਚ ਸੱਭ ਤੋਂ ਵੱਧ ਜ਼ੁਲਮ ਦਾ ਸ਼ਿਕਾਰ ਹੋਣ ਵਾਲੇ ਵੀ ਇਹ ਹੀ ਨਿਰਬਲ, ਨਿਰਧਨ ਹਨ। ਜਰਮਨੀ ਹੀ ਲੈ ਲਿਆ ਜਾਵੇ, ਗਰੀਬ ਹੋਰ ਗਰੀਬ ਹੋ ਰਿਹਾ ਹੈ ਅਤੇ ਅਮੀਰ ਹੋਰ ਅਮੀਰ। ਇਥੋਂ ਤੱਕ ਕਿ ਕਈ ਗਰੀਬਾਂ ਦੇ ਬੱਚਿਆਂ ਨੂੰ ਘਰ ਰਜਵਾਂ ਖਾਣਾਂ ਨਾ ਨਸੀਬ ਹੋਣ ਕਰਕੇ, ਮੁਫਤ ਖਾਣੇ ਲਈ ਭਲਾਈ ਘਰਾਂ ਵਿਚ ਹਰ ਦਿਨ ਗੇੜਾ ਮਾਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਅੱਜ ਵੀ ਸੰਸਾਰ ਉਤੇ ਬੱਚੇ,

ਰੰਗ ਦੇ ਕਾਲੇ ਇਨਸਾਨ ਅਤੇ ਗਰੀਬ ਤਕੜੇ ਵਲੋਂ ਆਪਣੇ ਦਾਸ, ਗੁਲਾਮ ਕਾਮੇ ਬਣਾਈ ਰੱਖੇ ਨੇ। ਧਰਮਾਂ ਦੇ ਨਾਮ ਉਤੇ ਮਰਦ ਨੂੰ ਉਤਮ ਦਰਸਾਉਣ ਕਾਰਣ ਵੀ ਅੱਜ ਉਹ ਹੀ ਔਰਤ ਮਜਬੀ ਅਨਿਆ ਦਾ, ਜ਼ੁਲਮ ਦਾ ਸ਼ਿਕਾਰ ਹੈ, ਜਿਸ ਉਤੇ ਹੋਰ ਮਾਦਾ ਜੀਵਾਂ ਦੀ ਤਰਾਂ ਪ੍ਰਮਾਤਮਾਂ ਵੱਲੋਂ ਮਮਤਾ ਦਾ ਹੁਕਮ ਦਾਗਕੇ ਆਪਣੀ ਸ੍ਰਿਸ਼ਟੀ ਵਿਚ ਜੀਵਨ ਨੂੰ ਸ਼ੁਰੂ ਕੀਤਾ ਅਤੇ ਹੁਣ ਤੱਕ ਨਿਰੰਤਰ ਜਾਰੀ ਰੱਖਿਆ ਹੋਇਆ ਹੈ।

ਅਫਗਾਨਿਸਤਾਨ ਅਤੇ ਇਰਾਕ ਦੇ ਮਸਲਿਆਂ ਉਤੇ ਵਿਚਾਰ ਕਰਦਿਆਂ ਦੋ ਵੱਖ ਵੱਖ ਰਾਵਾਂ ਨੂੰ ਪਾਠਕਾਂ ਵੱਲੋਂ ਖੁਦ ਫੈਸਲਾ ਕਰ ਸਕਣ ਲਈ ਪ੍ਰਕਾਸ਼ਤ ਕੀਤਾ ਗਿਆ ਹੈ। ਇਕ ਨੇ ਜਿਨਾਂ ਅਲਕਾਇਦਾ ਅਤੇ ਇਸ ਦੇ ਚਾਲਕਾਂ ਨੂੰ ਮਹਾਨ ਯੋਧੇ ਐਲਾਨਕੇ ਇਨਾਂ ਦੀ ਹਰ ਕੀਤੀ ਜਾ ਰਹੀ ਨੂੰ ਸਲਾਹਿਆ ਹੈ, ਦੂਜੇ ਨੇ ਜਿਨਾਂ ਇਸ ਮਸਲੇ ਨੂੰ ਇਕ ਵੱਲੋਂ ਆਪਣਾ ਅੱਲਾ ਵੱਡਾ ਦਰਸਾਉਣ ਅਤੇ ਦੂਜੇ ਵੱਲੋਂ ਆਪਣਾਂ ਗੌਡ ਵੱਡਾ ਦਰਸਾਉਣ ਲਈ ਲੜਨਾਂ ਦਸਦਿਆਂ, ਖਾਲਸਾ ਪੰਥ ਨੂੰ ਇਸ ਵਿਚ ਕਿਸੇ ਦਾ ਵੀ ਪੱਖ ਲੈਣ ਦੀ ਥਾਂ ਆਪਣੇ ਆਪਨੂੰ ਬਾਹਰ ਰੱਖਣ ਅਤੇ ਪੰਥਕ ਕਾਜ ਤੇ ਹੀ ਆਪਣਾਂ ਧਿਆਨ ਇਕਾਗਰ ਕਰਨ ਦਾ ਸੁਝਾ ਦਿੱਤਾ ਹੈ।

ਕਿਸੇ ਵੀ ਉਸਾਰੂ ਤਬਦੀਲੀ ਲਈ ਇਨਸਾਨੀ ਚੇਤਨਾਂ ਵਿਚ ਗਿਆਨ ਦੇ ਵਾਧੇ ਨਾਲ ਲਿਆਂਦੀ ਜਾਗਰਤੀ ਹੀ ਇਨਕਲਾਬ ਦੀ ਅਗਵਾਈ ਕਰ ਰਹੇ ਸੰਗਰਾਮੀਆਂ ਦਾ ਲੋਕ ਸ਼ਕਤੀ ਦੇ ਰੂਪ ਵਿਚ ਬਲ ਹੋਇਆ ਕਰਦੀ ਹੈ। ਇਸੇ ਲਈ ਹੀ "ਪੰਥ ਪ੍ਰਕਾਸ਼ ਦੇ ਪ੍ਰਸੰਗ ਵਿਚ ਪੰਥ ਦਾ ਤਸੱਵਰ, ਗੁਰਮਤਿ ਅਨੁਸਾਰ ਇਤਿਹਾਸ ਅਤੇ ਇਤਿਹਾਸਕਾਰੀ ਦਾ ਸਿਧਾਂਤ, ਇਤਿਹਾਸ ਦੀ ਅਹਿਮੀਅਤ, ਬੰਦੇ ਨੂੰ ਇਤਿਹਾਸ ਤੋਂ ਸੱਖਣਾਂ ਕਰ ਦਿੱਤਾ ਗਿਆ, ਸਿਖ ਰਾਜ ਨੂੰ ਅੰਗਰੇਜ ਸਾਮਰਾਜ ਦਾ ਹਿੱਸਾ ਕਿਵੇਂ ਬਣਾਇਆ ਗਿਆ, ਗੁਰੂ ਨਾਨਕ ਅਤੇ ਜੂਡੋ ਸੈਮਿਟਿਕ ਸੰਕਲਪ, ਆਓ ਸਿਖੀ ਦੇ ਵਿਆਖਿਆਕਾਰ ਮੈਕਾਲਿਫ ਨੂੰ ਯਾਦ ਕਰੀਏ, ਜ਼ੁਲਮ ਦੇ ਟਾਕਰੇ ਲਈ ਮਜ਼ਲੂਮਾਂ ਨੂੰ ਜਥੇਬੰਦ ਹੋਣਾਂ ਪਵੇਗਾ, ਨਵੇਂ ਜੁਗ ਚ ਗੁਰੂ ਗ੍ਰੰਥ ਸਾਹਿਬ ਦੀ ਪ੍ਰਸੰਗਤਾ, ਸਿਖ ਧਰਮ ਅਤੇ ਸ਼ਹਾਦਤ, ਸੰਤ ਕਾ ਮਾਰਗ, ਸਿਖ ਕੌਮ ਅਤੇ ਮਨੁੱਖੀ ਹੱਕ, ਅਮੀਰਾਂ ਅਤੇ ਗਰੀਬਾਂ ਵਿਚ ਲਗਾਤਾਰ ਪਾੜਾ ਵਧਾਈ ਜਾ ਰਿਹਾ ਹੈ ਸੰਸਾਰੀ ਕਰਣ, ਸਭ ਤੋਂ ਉਤਮ ਕਲਾ: ਸੰਗੀਤ, ਗੁਰਬਾਣੀ ਇਸੁ ਜਗੁ ਮਹਿ ਚਾਨਣੁ, ਝੂਠ ਨਾ ਬੋਲ ਪਾਂਡੇ ਸੱਚੁ ਕਹੀਐ, ਮਜਾਕ ਦੀ ਵੀ ਕੋਈ ਹੱਦ ਹੁੰਦੀ ਹੈ ਸ਼ਿਫੂ, ਨਵੇਂ ਪੰਜਾਬ ਦੀ ਸਿਰਜਣਾਂ ਦਾ ਸਿਖ ਪ੍ਰਸੰਗ" ਅਤੇ ਬਹੁਤ ਸਾਰੀਆਂ ਹੋਰ ਇਤਿਹਾਸਕ ਜਾਣਕਾਰੀ ਭਰਭੂਰ ਰਚਨਾਵਾਂ ਅਤੇ "ਕਾਲੀ ਸੂਚੀ, ਨਜ਼ਰਬੰਦ ਸਿੰਘਾਂ ਦੀ ਸੂਚੀ, ਜਬਰੀ ਚੁੱਕਕੇ, ਟੌਰਚਰ ਕਰਕੇ ਸ਼ਹੀਦ ਕਰਕੇ ਪੁਲਸ ਵਲੋਂ ਗੁਪਤ ਦਫਨਾ ਦਿੱਤੇ ਸਿਖਾਂ ਦੀ ਸੂਚੀ" ਅਤੇ ਹੋਰ ਦਸਤਾਵੇਜ਼, ਇਥੋਂ ਤੱਕ ਕਿ ਹੋਰ ਭਾਸ਼ਾਵਾਂ ਵਿਚੋਂ ਆਪਣੀ ਮਾਤਭਾਸ਼ਾ ਵਿਚ ਅਨੁਵਾਦ ਹੋਏ ਪਾਠਕਾਂ ਨੂੰ ਪੜ੍ਹਨ ਨੂੰ ਮਿਲੇ।

ਚਿਠੀਆਂ ਕਾਲਮ ਵਿਚ ਦੇਸ ਪੰਜਾਬ ਦੇ ਇਕ ਪਾਠਕ ਦੇ ਵਿਚਾਰ "ਤੁਸੀਂ ਆਪਣੇ ਪਰਚੇ ਵਿਚ ਵਾਰ ਵਾਰ ਕਿਹੜੇ ਸਿਖ ਰਾਜ ਜਾਂ ਖਾਲਿਸਤਾਨ ਦੀ ਗੱਲ ਕਰਦੇ ਹੋ? ਜੇ ਤੁਹਾਡਾ ਮਤਲਬ ਸਿਖ ਸਰੂਪ ਵਿਚ ਰਾਜ ਕਰਨ ਤੋਂ ਹੈ ਤਾਂ ਫਿਰ ਕੇਂਦਰ ਵਿਚ ਸ ਮਨਮੋਹਣ ਸਿੰਘ ਭਾਪਾ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਜੱਟ ਰਾਜ ਕਰ ਰਿਹਾ ਹੈ, ਫਿਰ ਤੁਸੀਂ ਹੋਰ ਕੀ ਚਾਹੁੰਦੇ ਹੋ? ਜੇ ਤੁਹਾਡਾ ਸਿਖ ਰਾਜ ਜਾਂ ਖਾਲਿਸਤਾਨ ਇਸ ਤੋਂ ਵੱਖਰਾ ਹੈ ਤਾਂ ਉਸ ਵਾਰੇ ਤੁਸੀਂ ਲੋਕਾਂ ਨੂੰ ਸਪੱਸ਼ਟ ਕਰੋ" ਅਤੇ ਇਹ ਵੀ ਕਿ 'ਦੇਸ ਪੰਜਾਬ' ਦੀ ਪ੍ਰਕਾਸ਼ਨਾਂ ਬਾਬੂ ਕਾਸ਼ੀ ਰਾਮ ਜੀ ਦੀਆਂ ਨੀਤੀਆਂ ਨੂੰ ਅੱਗੇ ਤੋਰਨ ਲਈ ਸ਼ੁਰੂ ਕੀਤੀ ਗਈ ਸੀ।

'ਦੇਸ ਪੰਜਾਬ' ਦੀ ਪ੍ਰਕਾਸ਼ਨਾਂ ਨਾਲ ਗੁਰੂਆਂ ਦੀ ਧਰਤ ਦੇ ਵਾਰਸ ਖਾਲਸੇ ਨੇ ਆਪਾ ਪੜਚੋਲ ਨਾਲ ਆਪਣੇ ਗਿਰਵਾਨ ਵਿਚ ਫਰਾਖ ਦਿਲੀ ਨਾਲ ਝਾਤੀ ਮਾਰੀ ਹੈ ਅਤੇ ਪ੍ਰਮਾਤਮਾਂ ਦੀ ਮੌਜ ਤੇ ਪ੍ਰਗਟ ਖਾਲਸੇ ਦੇ ਸਿਖ ਕਿਰਦਾਰ ਦੀ ਪੂਰਨਤਾ ਵਿਲੱਖਣਤਾ ਅਤੇ ਇਸ ਦੇ ਨਿਆਰੇਪਨ ਨੂੰ ਉਜਾਗਰ ਕਰਦੇ ਹੋਏ ਅਮਲੋਂ ਅਤੇ ਸ਼ਕਲੋਂ ਸਿਖ ਵਿਚ ਨਖੇੜਾ ਕੀਤਾ ਹੈ। ਨੇਕੀ ਦਾ ਪ੍ਰਤੀਕ ਪ੍ਰਗਟ ਖਾਲਸਾ ਪੰਥ ਕਿਰਦਾਰ ਪੱਖੋਂ ਅੱਜ ਕਿੱਥੇ ਖੜ੍ਹਾ ਹੈ, ਦਾ ਸੱਚ ਇਕ ਸਿਖ ਆਗੂ ਦੇ ਸ਼ਬਦਾਂ ਵਿਚ ਪਾਠਕ ਪੜ੍ਹ ਹੀ ਚੁੱਕੇ ਨੇ, "ਸਿਖੀ ਸਰੂਪ ਵਿਚ ਇਨਾਂ ਪੰਥ ਦੋਖੀ ਅਤੇ ਭ੍ਰਿਸ਼ਟ ਬਾਦਲਕਿਆਂ ਨੇ ਸਾਰੀ ਸਿਖ ਕੌਮ ਨੂੰ ਪਹਿਲੇ ਹੀ ਗੁਰਮਿਤ ਤੋਂ ਥਿੜਕਾ ਦਿੱਤਾ ਹੈ ਨਹੀਂ ਤਾਂ ਸਿਖ ਪੰਥ ਵਿਚ ਜਰਾ ਵੀ ਚੇਤਨਾਂ ਬਚੀ ਹੁੰਦੀ ਤਾਂ ਚੋਣ ਪ੍ਰਣਾਲੀ ਰਾਹੀਂ ਹੀ ਇਨਾਂ ਤੋਂ ਖਹਿੜਾ ਛਡਾ ਲਿਆ ਹੁੰਦਾ।"

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।। ਆਪਨੜੈ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ। ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ

ਆਪਣੇ ਧਰਮ ਅਤੇ ਆਪਣੇ ਪੰਥ ਲਈ ਫਿਕਰਮੰਦ ਅਤੇ ਜਾਗਦੇ ਸਿੰਘਾਂ ਦੇ ਘੱਟੋਘੱਟ ਪੰਜ ਰਾਜਨੀਤਕ ਦਲ ਨੇ ਜਿਨਾਂ ਦੇ ਵਿਚਾਰਾਂ ਨੂੰ ਅਤੇ ਕੀਤੇ ਜਾ ਰਹੇ ਉਦਮਾਂ ਨੂੰ ਸਮੇਂ ਸਮੇਂ ਸਿਰ 'ਦੇਸ ਪੰਜਾਬ' ਵਿਚ ਪੜ੍ਹਨ ਨੂੰ ਮਿਲਦਾ ਰਿਹਾ ਹੈ। ਇਹ ਪੰਜੇ

ਉਨੀ ਇਕੀ ਦੇ ਫਰਕ ਨਾਲ ਪੰਥ ਦੀ ਆਜਾਦੀ ਲਈ ਫਿਕਰਮੰਦ ਵੀ ਹਨ ਅਤੇ ਸੰਘਰਸ਼ਸ਼ੀਲ ਵੀ। ਜੇ ਸਿਰ ਨੀਵਾਂ ਕਰ ਵੇਖ ਲਿਆ ਜਾਵੇ ਤਾਂ ਇਹ ਵੀ ਸੱਚ ਹੈ ਕਿ ਇਨਾਂ ਪੰਥ ਲਈ ਫਿਕਰਮੰਦ ਅਤੇ ਜਾਗਦਿਆਂ ਵਲੋਂ ਆਪਣੇ ਆਪਨੂੰ ਇਕਮੁੱਠ ਕਰਕੇ ਪੰਥ ਦੋਖੀ ਅਤੇ ਭ੍ਰਿਸ਼ਟ ਬਾਦਲਕਿਆਂ ਦਾ ਕੋਈ ਪ੍ਰਭਾਵਸ਼ਾਲੀ ਬਦਲ ਨਾ ਬਣ ਸਕਣ, ਕਾਰਣ ਹੀ ਇਹ ਸ਼ਕਲੋਂ ਸਿਖ ਬਾਦਲਕੇ ਤਕਰੀਬਨ ਸਾਰੀ ਸਿਖ ਕੌਮ ਨੂੰ ਆਪਣੇ ਮਗਰ ਲਾਈ ਰੱਖਣ ਵਿਚ ਸਫਲ ਹੋਏ ਨੇ।

ਇਸ ਆਪਾ ਪੜਚੋਲ ਨਾਲ ਇਹ ਤੱਥ ਸਾਹਮਣੇ ਆਇਆ ਹੈ ਕਿ ਅਮਲੋਂ ਪੂਰਨ ਖਾਲਸਾ ਹੋਏ ਗੁਰਸਿਖਾਂ ਦਾ ਕੋਈ ਸੰਗਠਨ ਹੋਂਦ ਵਿਚ ਆਵੇਗਾ ਤਾਂ ਹੀ ਗੁਰੂ ਦੇ ਤੇਜ ਪ੍ਰਤਾਪ ਦੀ ਬਖਸ਼ਿਸ਼ ਦਾ ਪਾਤਰ ਹੋ ਸਕੇਗਾ। ਜਿਸ ਦੇ ਸਹਾਰੇ ਖਾਲਸੇ ਨੇ ਪਹਿਲੋਂ ਸ਼ਕਲ ਦੇ ਸਿਖਾਂ ਤੋਂ ਆਪਣੇ ਆਪਨੂੰ, ਆਪਣੇ ਗੁਰਧਾਮਾਂ ਨੂੰ ਆਜਾਦ ਕਰਵਾ ਸਕਣਾਂ ਹੈ। ਫਿਰ ਬਦੀ ਦੇ ਪ੍ਰਤੀਕ ਦਿਲੀ ਤਖਤ ਤੋਂ ਆਪਣੇ ਆਪਨੂੰ ਅਤੇ ਦੂਜਿਆਂ ਨੂੰ ਆਜਾਦ ਕਰਵਾ ਸਕਣਾਂ ਹੈ ਅਤੇ ਆਪਣੀ ਧਰਤ ਗੁਰੂ ਆਸ਼ੇ ਦਾ ਹਲੀਮੀ ਰਾਜ ਸਾਕਾਰ ਕਰ ਸਕਣਾਂ ਹੈ। ਜਿਥੋਂ ਦੇ ਬਾਸੀਆਂ ਨੇ ਅਤੇ ਰਾਜ ਕਰਨ ਵਾਲਿਆਂ ਨੇ ਸੰਸਾਰ ਨੂੰ ਸਦੀਵੀ ਅਮਨ ਸ਼ਾਂਤੀ ਭਰਭੂਰ ਸੱਭਿਅਕ ਕਰ ਸਕਣ ਲਈ ਸਬੱਬ ਬਣਨਾਂ ਹੈ।

ਜੂਨ 84 ਦੇ ਸ੍ਰੀ ਹਰਿਮੰਦਰ ਸਾਹਿਬ ਉਤੇ ਦਿਲੀ ਤਖਤ ਵਲੋਂ ਬੋਲੇ ਫੌਜੀ ਧਾਵੇ ਮਗਰੋਂ " ਖਾਲਿਸਤਾਨ, ਖਾਲਸੇ ਦਾ ਬੋਲਵਾਲਾ, ਖਾਲਸੇ ਨੂੰ ਪਾਤਸ਼ਾਹੀ, ਸਿਖ ਰਾਜ, ਰਾਜ ਕਰੇਗਾ ਖਾਲਸਾ " ਆਦਿ ਲਫਜ਼ ਅੱਜ ਨਵੇਂ ਸਿਰਿਓ ਪੰਜਾਬ ਦੇ ਅਤੇ ਪੰਥ ਦੇ ਇਤਿਹਾਸ ਦਾ ਅਤੇ ਭਵਿਖ ਦਾ ਇਕ ਅਹਿਮ ਹਿੱਸਾ ਬਣ ਚੁੱਕੇ ਨੇ। ਇਥੇ ਹੀ ਬੱਸ ਨਹੀ, ਇਹ ਪਵਿਤ੍ਰ ਲਫਜ਼ ਖਾਲਸਾ ਪੰਥ ਲਈ ਹੀ ਨਹੀਂ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾਂ ਗੁਰੂ ਮੰਨਣ ਵਾਲੇ ਖਾਲਸਾ ਪੰਥ ਦੇ ਅਟੁੱਟ ਅੰਗ ਦਲਤ ਸਮਾਜ ਲਈ ਵੀ ਇਹ ਰੱਬੀ ਸੁਨੇਹਾ ਨੇ ਕਿ ਇਨਾਂ ਆਪਣੇ ਹੀ ਗੁਰੂ ਯਰਥਸ਼ਟਰ ਵਲੋ ਦੁਰਕਾਰਿਆਂ, ਆਪਣੇ ਆਪਨੂੰ ਆਰੀਅਨ ਕਹਾਉਣ ਵਾਲੇ ਬਦੀ ਦੇ ਹੀ ਪ੍ਰਤੀਕ ਮੰਨੂਵਾਦੀ ਧਾੜਵੀ ਨੇ ਨਹੀਂ ਬਦਲਨਾਂ। ਇਸ ਬਿਪਰਨ ਤੋਂ ਅਤੇ ਇਸ ਦੀ ਬਿਪਰਨ ਰੀਤ ਤੋਂ ਹਮੇਸ਼ਾਂ ਦੇ ਛੁਟਕਾਰੇ ਲਈ ਆਪਣਾ ਘਰ ਹੀ ਇਸ ਤੋਂ ਵੱਖ ਕਰ ਲਿਆ ਜਾਵੇ।

ਇਹ ਘਰ, ਇਹ ਬੇਗਮਪੁਰਾ ਕੇਹੋ ਜਿਹਾ, ਇਥੇ ਕੇਹੋ ਜਿਹਾ ਹਲੇਮੀ ਰਾਜ ਅਤੇ ਇਸ ਦੇ ਵਾਸੀ ਕੇਹੋ ਜਹੇ ਹੋ ਸਕਦੇ ਨੇ, ਗੁਰਬਾਣੀ ਵਿਚ ਪਹਿਲੋਂ ਹੀ ਦਰਜ ਹੈ। ਜਿਸ ਦੇ ਆਧਾਰ ਉਤੇ ਹੀ ਖਾਲਸੇ ਦੇ ਦੇਸ਼ ਦਾ ਸਵਿਧਾਨ ਅਤੇ ਰਾਜ ਹੋ ਸਕਦਾ ਹੈ। ਇਹ ਹੀ ਸਚਾਈ ਉਜਾਗਰ ਕਰਨ ਲਈ ਅਤੇ ਇਹ ਜਾਨਣ ਲਈ ਕਿ ਕੀ ਸੰਸਾਰ ਉਤੇ ਕੋਈ ਅਜਿਹਾ ਫਲਸਫਾ, ਕੋਈ ਅਜਿਹਾ ਰਾਜ ਢੰਚਾ ਵੀ ਰਿਹਾ ਹੈ ਜਾਂ ਹੈ ਜਿਸ ਨੂੰ ਸਰਬੱਤ ਦੇ ਭਲੇ ਦੇ ਨਵੇਂ ਸੰਸਾਰ ਦੀ ਸਿਰਜਣਾਂ ਲਈ ਅਸੂਲਾਂ ਦੇ ਆਧਾਰ ਓਤੇ ਆਪਣੇ ਨਜ਼ਦੀਕ ਸਮਝਿਆ ਜਾ ਸਕਦਾ ਹੈ? ਕੀ ਕੋਈ ਅਜਿਹੇ ਨਿਯਾਮ ਦੀ ਬਹਾਲੀ ਲਈ ਸਰਗ੍ਰਮ ਵੀ ਹੈ? ਜੇ ਹੈ ਤਾਂ ਸਰਬੱਤ ਦੇ ਭਲੇ ਦੇ ਨਵੇਂ ਸੰਸਾਰ ਦੀ ਸਿਰਜਣਾਂ ਲਈ ਅਸੂਲਾਂ ਦੇ ਆਧਾਰ ਉਤੇ ਇਨਾਂ ਦੇ ਸਾਥ ਦਿੱਤਾ ਜਾਵੇ। ਇਸ ਲਈ 'ਦੇਸ ਪੰਜਾਬ' ਵਿਚ ਇਕ ਵਿਸ਼ਾਲ, ਅਨਮੋਲ ਬਹਿਸ ਸ਼ੁਰੂ ਹੋਈ ਅਤ ਇਸ ਦੇ ਕਈ ਪੂਰੇ ਦੇ ਪੂਰੇ ਅੰਕ ਹੀ ਇਸ ਬਹਿਸ ਨਾਲ ਭਰੇ ਪੜ੍ਹਨ ਨੂੰ ਮਿਲੇ। ਇਸ ਬਹਿਸ ਵਿਚ ਕੁਮਨਿਸਟ, ਮਾਰਕਸਵਾਦ, ਸਮਾਜਵਾਦ ਫਲਸਫਿਆਂ ਵਾਰੇ, ਗੁਰਬਾਣੀ ਵਿਚ ਦਰਜ ਖਾਲਸੇ ਦੇ ਸਮਾਜਵਾਦ ਵਾਰੇ ਅਤੇ ਇਨਾਂ ਦੀ ਆਪਸ ਵਿਚ ਕਿਥੇ ਇਕ ਸੁਰਤਾ ਅਤੇ ਕਿਥੇ ਵਖਰੇਵੇਂ ਵਾਰੇ ਵੱਡਮੁਲਾ ਗਿਆਨ ਸੀ। ਸਮਾਜਵਾਦ ਲਈ ਘੋਲ ਕਰ ਰਹੇ ਸੰਗ੍ਰਾਮੀਆਂ ਦੇ ਭਾਰਤ ਅਤੇ ਨਿਪਾਲ ਵਿਚ ਪਰਭਾਵ ਦਾ ਜ਼ਿਕਰ ਸੀ ਅਤੇ ਇਨਾਂ ਇਨਕਲਾਬੀ ਤਾਕਤਾਂ ਨਾਲ ਹੀ ਸੰਪਰਕ ਕਰਨ ਅਤੇ ਸਾਥ ਦੇ ਸਕਣ ਦੀ ਸੰਭਾਵਨਾ ਮੁਕਰਰ ਹੋ ਸਕੀ। ਇਸ ਅਨਮੋਲ ਬਹਿਸ ਵਿਚੋਂ ਕੁਝ ਇਕ ਵਿਦਵਾਨਾਂ ਦੀ ਇਕ ਹੋਰ ਰਾਏ ਵੀ ਸਾਹਮਣੇ ਆਈ ਕਿ ਖਾਲਸਾ ਪੰਥ ਦਾ ਆਧਾਰ ਇਕ ਮਜਹਬ ਹੈ ਅਤੇ ਇਹ ਸ਼ਕਲੋਂ ਹੀ ਨਹੀਂ ਸਗੋਂ ਕਿਰਦਾਰ ਤੋਂ ਵੀ ਨਿਆਰਾ ਹੈ ਅਤੇ ਇਸ ਨੂੰ ਹੀ ਆਪਣਾ ਨਿਆਰਾਪਨ ਕਾਇਮ ਰਖਦੇ ਹੋਏ ਨਵੇਂ ਸੰਸਾਰ ਦੀ ਸਿਰਜਣਾਂ ਲਈ ਪਹਿਲ ਕਦਮੀ ਅਤੇ ਅਗਵਾਈ ਕਰਨੀ ਪੈਣੀਂ ਹੈ।

ਵਿਸ਼ਾਲ ਪੱਧਰ ਤੇ ਹੋਈ ਇਸ ਅਨਮੋਲ ਬਹਿਸ ਵਿਚੋਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਧੁਰ ਕੀ ਬਾਣੀ ਦਾ ਸੱਚ ਨਵੇਂ ਸੰਸਾਰ ਦੀ ਸਿਰਜਣਾਂ ਲਈ ਸਾਹਮਣੇ ਆਇਆ ਹੈ ਉਹ ਇਹ ਕਿ ਕਿਸੇ ਦੇ ਹੱਕ ਨੂੰ ਖਾਣ ਦੀ ਅਤੇ ਅਨਿਆਈ ਬੋਲਾਂ ਦੇ ਬਾਣਾਂ ਨੂੰ ਮਾਰਨ ਦੀ ਇਨਸਾਨ ਨੂੰ ਪਈ ਅਦਤ ਹੀ ਹਰ ਫਸਾਦ ਦੀ ਜੜ੍ਹ ਹੈ।

ਘਾਲਣਾਂ ਨਾਲ ਫਤਹਿ ਹਾਸਲ ਕਰਨ ਵਾਲੇ ਅਮਲੋਂ ਪੂਰਨ ਖਾਲਸਾ ਹੋਏ ਗੁਰਸਿਖਾਂ ਦੇ ਨਾਲ ਨਾਲ ਪੰਥ ਲੋਕ ਸ਼ਕਤੀ ਵੀ ਮੰਜਿਲ ਤੇ ਪਹੁੰਚੀ ਕਿਰਦਾਰ ਪੱਖੋਂ ਇਨੀ ਬਲਵਾਨ ਹੋ ਚੁੱਕੀ ਹੋਵੇਗੀ ਕਿ ਉਨਾਂ ਲਈ ਕਿਸੇ ਦੇ ਹੱਕ ਦਾ ਮੁਰਦਾਰ ਖਾਣਾਂ ਜਾਂ ਅਨਿਆਈ ਬੋਲਾਂ ਦੇ ਬਾਣ ਮਾਰ ਜਾਣਾਂ, ਵੱਡਾ ਪਾਪ ਬਣ ਗਿਆ ਹੋਵੇਗਾ। ਜੋ ਇਹ ਸੱਚ ਜਾਣਦੇ ਹੋਏ ਕਿ 'ਇਸ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ॥ ਪਾਪਾਂ ਬਾਝਹੁ ਹੋਵੈ ਨਾਹੀ, ਮੁਇਆਂ ਸਾਥਿ ਨ ਜਾਇ॥' ਦਸਾਂ ਨੋਹਾਂ ਦੀ ਕਿਰਤ ਕਰਦੇ ਨੇ, ਸਾਂਝੀਆਂ ਲੋੜਾਂ ਅਤੇ ਲੋੜਵੰਦਾ ਲਈ ਕੁਝ ਹੱਥੋਂ ਦੇਦੇ ਨੇ ਅਤੇ ਅਧਿਆਤਮਕ ਤੌਰ ਤੇ ਕੀਤੀ ਕਮਾਈ ਨੂੰ

ਸੰਗਤ ਦੇ ਰੂਪ ਵਿਚ ਸਾਂਝੀ ਕਰਦੇ ਨੇ। ਜਿਥੇ ਦਾ ਸਵਿਧਾਨ ਅਤੇ ਨਿਯਾਮ ਕੁਦਰਤ ਦੇ ਇਸ ਪਵਿਤ੍ਰ ਨਿਯਮ ਦੇ ਆਧਾਰ ਉਤੇ ਹੀ ਹੋਂਦ ਵਿਚ ਆਇਆ ਹੋ ਸਕਦਾ ਹੈ ਕਿ 'ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥'

ਇਸ ਰੱਬੀ ਰਜਾ ਦੇ ਸਵਿਧਾਨ ਅਤੇ ਨਿਜਾਮ ਦੁਆਰਾ ਖਾਲਸੇ ਦੀ ਪਾਤਸ਼ਾਹੀ ਦਾ ਦੇਸ਼, ਇਥੋਂ ਦੇ ਵਾਸੀ ਅਤੇ ਇਥੋਂ ਦਾ ਰਾਜ ਅੰਤ ਗੁਰੂ ਅਸਰੇ ਕੇਹੋ ਜਿਹਾ ਹੋ ਨਿਬੜਨਾ ਹੈ, ਦੀ ਸੱਚੀ ਤਸਵੀਰ ਵੀ ਗੁਰਬਾਣੀ ਵਿਚੋਂ ਪਾਠਕਾਂ ਦੇ ਸਾਹਮਣੇ ਆਈ ਹੈ: ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅਣਦੋਹੁ ਨਹੀ ਤਿਹਿ ਠਾਉ॥ ਨਾ ਤਸਵੀਸ ਖਿਰਾਜੁ ਨ ਮਾਲੁ॥  ਖਉਫੁ ਨ ਖਤਾ ਨ ਤਰਸੁ ਜਵਾਲੁ॥੧ ।।ਅਬ ਮੋਹਿ ਖੂਬ ਵਤਨ ਗਹ ਪਾਈ,, ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੋ ਮੀਤੁ ਹਮਾਰਾ॥ ਅਤੇ

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣ ਦਾ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜ ਜੀਉ॥

ਸੁਣੀ ਜਾਵੇਗੀ ਹੁਣ ਕਰਤੇ ਦੇ ਦਰ ਜਗਤ ਜਲੰਦੇ ਨੂੰ ਆਪਣੀ ਕਿਰਪਾ ਨਾਲ ਰੱਖ ਲੈਣ ਦੀ ਗੁਰਬਾਣੀ ਵਿਚ ਹੋਈਓ ਅਰਦਾਸ ਅਤੇ ਆਪਣੀ ਕ੍ਰਿਪਾ ਨਾਲ ਰੱਖ ਲਏ ਜਗਤ ਲਈ ਗੁਰਬਾਣੀ ਵਿਚ ਕੀਤੀ ਹੋਈ ਇਕ ਹੋਰ ਅਰਦਾਸ, ਜੋਦੜੀ ਬੇਨਤੀ:

ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖ ਸਭੈ ਕਰਤਾਰਾ॥ ਚੌਪਈ ਪਾ: ੧੦

ਜਦ ਹੋ ਜਾਵੇਗਾ ਕਰਤੇ ਦੇ ਦਰ ਇਸ ਅਰਦਾਸ ਦੀ ਸਣਵਾਈ ਤੇ ਇਸ ਧਰਤ ਉਤੇ ਸੁਖੀ ਵਸਦਾ ਇਨਸਾਨ ਹਰ ਅਤੇ ਸ੍ਰਿਸ਼ਟੀ, ਤਦ ਹੀ ਹੋ ਸਕਣਾ ਹੈ ਸੰਭਵ, ਸਿਖ ਲਈ ਕਰਤੇ ਦੀ ਇਬਾਦਤ ਵਿਚ, ਭਗਤੀ ਵਿਚ ਅਸਲ ਇਕਾਗਰਤਾ ਨਾਲ ਜੁੜ ਸਕਣਾਂ ਅਤੇ ਮੌਤ ਮਗਰੋਂ ਆਪਣੀ ਆਤਮਾ ਦੀ ਅਕਾਲ ਪੁਰਖ ਪ੍ਰਮ ਆਤਮਾਂ ਪ੍ਰਮਾਤਮਾਂ ਵਿਚ ਸਮਾਈ ਨਾਲ, ਜਿਸ ਤੋਂ ਇਹ ਉਤਪਤ ਹੋ ਵਿਛੜੀ ਹੈ, ਕਰ ਸਕਣਾਂ ਹੈ ਪੂਰਾ ਅਸਲ ਮੰਤਵ ਆਪਣਾਂ ਸੰਸਾਰ ਉਤੇ ਆਉਣ ਦਾ।

ਸੋ ਪ੍ਰਮਾਤਮਾਂ ਵੱਲੋਂ ਆਪਣੀ ਮੌਜ ਤੇ ਪ੍ਰਗਟਾਏ ਨੇਕੀ ਦੇ ਪ੍ਰਤੀਕ ਖਾਲਸੇ ਦੇ ਜ਼ਿਮੇਂ ਸਭ ਤੋਂ ਪਹਿਲੇ ਬਦੀ ਉਤੇ ਜਿਤ ਨਾਲ ਐਸੇ ਸੰਸਾਰ ਦੀ ਸਿਰਜਣਾਂ ਨੂੰ ਕੀਤਾ ਹੈ ਜਿਥੇ ਉਸ ਦਾ, ਉਸ ਦੇ ਖਾਲਸੇ ਇਨਸਾਨ ਦਾ ਪ੍ਰਵਾਰ ਭਾਵ ਸਰਬੱਤ ਇਨਸਾਨ ਅਤੇ ਉਨਾਂ ਦੀ ਸਾਰੀ ਸ੍ਰਿਸ਼ਟੀ ਸੁੱਖੀ ਵਸਦੀ ਹੈ ਅਤੇ ਇਸ ਬੇਫਿਕਰੀ ਮਗਰੋਂ ਹੀ ਮੁਕਤੀ ਲਈ, ਅਧਾਰ ਲਈ ਅਸਲ ਭਗਤੀ ਹੋ ਸਕਣੀ ਕੀਤੀ ਹੈ। ਇਸ ਰਹੱਸ ਪਿਛੇ ਹੀ ਕਾਦਰ ਵੱਲੋਂ ਆਪਣੀ ਕੁਦਰਤ ਨੂੰ ਅਤੇ ਇਸ ਵਿਚ ਉਤਮ ਜੂਨ ਇਨਸਾਨ ਨੂੰ ਸਿਰਜਣ ਦਾ ਮੰਤਵ ਅਤੇ ਆਪਣੇ ਸੁਭਾ ਦਾ ਪ੍ਰਗਟਾਵਾ ਕੀਤਾ ਹੈ। ਸੋ ਇਹ ਹੈ ਕਾਦਰ ਦਾ ਆਪਣੀ ਕੁਦਰਤ ਨੂੰ ਸਿਰਜਣ ਦਾ ਮੰਤਵ ਅਤੇ ਸੁਭਾਅ: ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧੁਨ ਕੇ ਸੁਖੀ॥ ਚੌਪਈ ਪਾ: ੧੦

ਇਥੇ ਸੰਤਨ ਦਾ ਭਾਵ ਸੰਸਾਰ ਦੇ ਨਿਆ ਪਸੰਦ, ਕਿਸੇ ਦਾ ਹੱਕ ਨਾਂ ਖਾਣ ਵਾਲੇ ਨਾ ਅਨਿਆਈ ਬੋਲਾਂ ਦੇ ਬਾਣ ਮਾਰਨ ਵਾਲੇ ਕਾਦਰ ਦੀ ਰਜਾ ਅਤੇ ਹੁਕਮ ਵਿਚ ਰਹਿਣ ਵਾਲੇ ਇਨਸਾਨ ਤੋਂ ਲੈਕੇ ਭਗਤੀ ਵਿਚ ਲੀਨ ਸਭ ਇਨਸਾਨ ਤੱਕ ਹੈ।

'ਦੇਸ ਪੰਜਾਬ' ਦੀ ਪ੍ਰਕਾਸ਼ਨਾਂ ਨੇ ਸਿਖ ਸਿਧਾਂਤਾ ਦੇ ਸੱਚ ਨੂੰ, ਬੀਤੇ ਦੇ ਸੱਚ ਨੂੰ ਅਤੇ ਬੀਤ ਰਹੇ ਵਿਚ ਸੱਚ ਨੂੰ ਆਪਣੀਆਂ ਨਿਰਸਵਾਰਥ ਅਤੇ ਨਿਰਪੱਖ ਨਜ਼ਰਾਂ ਨਾਲ ਸਮੇਂ ਸਮੇਂ ਸਿਰ ਉਜਾਗਰ ਕੀਤਾ ਹੈ। ਇਨਾਂ ਨੂੰ ਰਦ ਕਰਨ ਵਾਲਿਆਂ ਦਾ ਦਲੀਲਾਂ ਨਾਲ ਵਿਰੋਧ ਕੀਤਾ ਹੈ ਅਤੇ ਇਸ ਤਰਾਂ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਵਾਲਿਆਂ ਦੀ ਸ਼ਹਾਦਤ ਨੂੰ ਨਾ ਸਵਿਕਾਰ ਕਰਨ ਵਾਲਿਆਂ ਦੇ ਅਤੇ ਸਿਖ ਧਰਮ ਵਿਚ ਜਨਮ ਤੋਂ ਮਰਦ ਦੇ ਬਰਾਬਰ ਇਨਸਾਨ ਕੀਤੀ ਔਰਤ ਨੂੰ ਬਰਾਬਰ ਹੱਕ ਨਾ ਦੇਣ ਦੀ ਵਕਾਲਤ ਕਰਨ ਅਤੇ ਇੰਜ ਆਪਣੇ ਹੀ ਧਰਮ ਦੇ ਬਰਾਬਰਤਾ ਦੇ ਪਵਿਤ੍ਰ ਸਿਧਾਂਤ ਨੂੰ ਝੁਠਲਾਉਣ ਵਾਲਿਆਂ ਦੇ ਖਿਲਾਫ ਸਟੈਂਡ ਲਿਆ ਗਿਆ ਅਤੇ ਇਨਾਂ ਵਿਵਾਦਾਂ ਨੂੰ ਗੁਰੂ ਆਸ਼ੇ ਮੁਤਾਬਕ ਹੀ ਖਤਮ ਕਰਵਾ ਸਕਣ ਲਈ ਅਹਿਮ ਰੋਲ ਅਦਾ ਕੀਤਾ ਗਿਆ ਹੈ।

ਇਥੇ ਜ਼ਿਕਰ ਕੀਤੇ ਗੁਰਮਿਤ ਗੁਣ ਹੀ ਹਨ 'ਦੇਸ ਪੰਜਾਬ' ਦੇ ਪ੍ਰਬੰਧਕੀ ਵੀਰਾਂ ਵਿਚ ਜਿਸ ਕਰਕੇ ਹੀ ਪਾਠਕ 'ਦੇਸ ਪੰਜਾਬ' ਵਿਚ ਪ੍ਰਕਾਸ਼ਤ ਹੋਏ ਇਹ ਲਫਜ਼ ਪਹਿਲੋਂ ਹੀ ਪੜ੍ਹ ਚੁੱਕੇ ਨੇ: "ਦੇਸ ਪੰਜਾਬ' ਦੇ ਪ੍ਰਬੰਧਕੀ ਵੀਰ ਨਿਰਸਵਾਰਥੀ ਸੇਵਾ ਕਰਨ ਵਾਲੇ ਮੇਰੇ ਗੁਰੂ ਦੇ ਅਤਿ ਪਿਆਰੇ ਸਿੰਘ ਨੇ, ਜੋ ਇਹ ਧਾਰ ਤੁਰਿਓ ਨੇ ਕਿ ਗੁਰਾਂ ਦੀ ਧਰਤ, ਗੁਰੂਆਂ ਵੱਲੋਂ ਜੋ ਸਿਖੀ ਕ੍ਰਿਦਾਰ ਦਾ ਪਵਿਤ੍ਰ ਚਿਰਾਗ ਰੌਸ਼ਨ ਕੀਤਾ ਹੋਇਆ ਹੈ, ਉਸ ਨੂੰ ਬੁਝਣ ਨਹੀ ਦੇਣਾਂ।

ਵਾਹਿਗੁਰੂ ਭਵਿਖ ਵਿਚ ਵੀ 'ਦੇਸ ਪੰਜਾਬ' ਦੇ ਪ੍ਰਬੰਧਕੀ ਇਨਾਂ ਵੀਰਾਂ, 'ਦੇਸ ਪੰਜਾਬ' ਵਿਚ ਪ੍ਰਕਾਸ਼ਤ ਹੋਣ ਵਾਲੇ ਵਿਦਵਾਨ ਲਿਖਾਰੀਆਂ ਅਤੇ ਪੰਥਕ ਕਾਜ ਲਈ ਸੁਚੇਤ ਅਤੇ ਸੰਗ੍ਰਾਮੀ ਖਾਲਸੇ ਦੇ ਅੰਗ ਸੰਗ ਰਹਿੰਦੇ, ਆਪਣੇ ਕਾਜ ਲਈ ਆਪਣੀ ਸੇਵਾ ਲੈਂਦੇ ਰਹਿਣ, ਸਿਰਜਣਹਾਰ ਪ੍ਰਮਾਤਮਾ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਜੋਦੜੀ ਹੈ ਤਾਂ ਜੋ ਗੁਰੂਆਂ ਦੀ ਧਰਤ, ਖਾਲਸੇ ਦੀ ਧਰਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਜਾਨਣ ਵਾਲੇ ਦਲਤਾਂ ਦੀ ਧਰਤ ਅਤੇ ਮਜ਼ਲੂਮ, ਨਿਮਾਣੇ, ਨਿਤਾਣੇ, ਨਿਰਧਨ ਦੀ ਧਰਤ ਪੰਥਕ ਜੁਗਤ ਅਨੁਸਾਰ ਹਲੇਮੀ ਰਾਜ ਅਤੇ ਬੇਗਮਪੁਰੇ ਦੀ ਉਸਾਰੀ ਦੇ ਯਤਨ ਜਾਰੀ ਰਹਿ ਸਕਣ।

ਹੁਣ ਤੱਕ ਜਿਸ ਬਦੀ ਦੇ ਹੀ ਪ੍ਰਤੀਕ ਹੈਵਾਨ ਵਿਰਤੀ ਤਬਕੇ ਦੀ ਨਿਸ਼ਾਨਦੇਹੀ ਹੋਈ ਹੈ ਇਸ ਵਿਚ ਜੇ ਸ਼ਾਮਿਲ ਨਹੀ ਤਾਂ ਇਸ ਤਬਕੇ ਨਾਲ ਸਬੰਧਤ ਇਕ ਹੱਥ ਦੀਆਂ ਉਂਗਲਾਂ ਤੇ ਗਿਣੇ ਜਾ ਸਕਣ ਵਾਲੇ ਉਹ, ਜਿਨਾਂ ਨੇ ਗੁਰੂ ਇਤਿਹਾਸ ਤੋਂ ਲੈਕੇ ਹੁਣ ਤੱਕ ਖਾਲਸਾ ਪੰਥ ਦੀ ਕਿਸੇ ਬਿਧ ਕੋਈ ਮੱਦਦ ਕੀਤੀ ਹੈ ਜਾਂ ਆਪਣੇ ਹੀ ਭਾਈਆਂ ਦੇ ਸਿਖ ਕੌਮ ਉਤੇ ਜਾਂ ਕਿਸੇ ਹੋਰ ਕੌਮ ਉਤੇ ਕੀਤੇ ਗਏ ਜਬਰ ਜ਼ੁਲਮ ਦੇ ਖਿਲਾਫ ਕੋਈ ਹਾਅ ਦਾ ਨਾਹਰਾ ਮਾਰਿਆ ਹੈ ਅਤੇ ਉਹ, ਜਿਨਾਂ ਨੇ ਨਵੰਬਰ 84 ਦੇ ਸਿਖ ਕਤਲੇਆਮ ਸਮੇਂ ਸਿਖ ਪ੍ਰਵਾਰਾਂ ਨੂੰ ਬਚਾਉਣ ਦਾ ਕੋਈ ਉਪਰਾਲਾ ਕੀਤਾ ਹੈ।

ਐਨ.ਕਮਲ-ਫੇਹਰਨਬੱਖ ਉਰਫ
ਬਿਧੀ ਸਿੰਘ ਬੱਬਰ ਜਰਮਨੀ